JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 159 | Friday, August 12, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਹੋਟਲ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ




ਓਨਟਾਰੀਓ, 11 ਅਗਸਤ (ਪੋਸਟ ਬਿਊਰੋ) : ਥੌਰਨਹਿੱਲ ਹੋਟਲ ਵਿੱਚ ਰਾਤੀਂ ਚੱਲੀ ਗੋਲੀ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਯੌਰਕ ਰੀਜਨਲ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਅੱਧੀ ਰਾਤ ਤੋਂ ਬਾਅਦ ਮੀਡੋਵਿਊ ਐਵਨਿਊ ਨੇੜੇ ਯੰਗ ਸਟਰੀਟ ਉੱਤੇ ਸਥਿਤ ਲਿਬਰਟੀ ਸੁਈਟਸ ਹੋਟਲ ਦੇ ਅੰਦਰ ਚੱਲੀ ਗੋਲੀ ਦੀ ਖਬਰ ਸੁਣਨ ਤੋਂ ਬਾਅਦ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ। ਪੁਲਿਸ ਨੇ ਦੱਸਿਆ ਕਿ ਜਦੋਂ ਗੋਲੀ ਚੱਲੀ ਤਾਂ ਕਮਰੇ ਵਿੱਚ ਕਈ ਵਿਅਕਤੀ ਮੌਜੂਦ ਸਨ। ਗੋਲੀ ਲੱਗਣ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ।

ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਹਿਰਾਸਤ ਵਿੱਚ ਕਿੰਨੇ ਮਸ਼ਕੂਕ ਲਏ ਗਏ ਹਨ।

## ਹਸਪਤਾਲਾਂ ਦੇ ਨਿਜੀਕਰਣ ਉੱਤੇ ਵਿਚਾਰ ਕਰ ਰਹੀ ਹੈ ਸਰਕਾਰ !

ਟੋਰਾਂਟੋ, 11 ਅਗਸਤ (ਪੋਸਟ ਬਿਊਰੋ) : ਪ੍ਰੋਵਿੰਸ ਭਰ ਦੇ ਹਸਪਤਾਲਾਂ ਵਿੱਚ ਸਟਾਫ ਦੀ ਘਾਟ ਨਾਲ ਨਜਿੱਠਣ ਲਈ ਓਨਟਾਰੀਓ ਸਿਹਤ ਮੰਤਰੀ ਵੱਲੋਂ ਨਿਜੀਕਰਣ ਦੇ ਫੈਸਲੇ ਤੋਂ ਇਨਕਾਰ ਨਹੀਂ ਕੀਤਾ ਜਾ ਰਿਹਾ।

ਸਿਲਵੀਆ ਜੋਨਜ਼ ਨੇ ਆਖਿਆ ਕਿ ਸਰਕਾਰ ਐਮਰਜੰਸੀ ਡਿਪਾਰਟਮੈਂਟਸ ਨੂੰ ਬੰਦ ਹੋਣ ਤੋਂ ਰੋਕਣ ਲਈ ਕਈ ਤਰ੍ਹਾਂ ਦੇ ਆਈਡੀਆਜ਼ ਉੱਤੇ ਵਿਚਾਰ ਕਰ ਰਹੀ ਹੈ। ਇਹ ਪੁੱਛੇ ਜਾਣ ਉੱਤੇ ਕਿ ਕੀ ਸਿਹਤ ਸਿਸਟਮ ਦਾ ਨਿਜੀਕਰਣ ਵੀ ਸੰਭਵ ਹੈ ਤਾਂ ਉਨ੍ਹਾਂ ਆਖਿਆ ਕਿ ਅਸੀਂ ਸਾਰੇ ਬਦਲ ਖੁੱਲ੍ਹੇ ਰੱਖ ਕੇ ਚੱਲ ਰਹੇ ਹਾਂ। ਇਨ੍ਹਾਂ ਗਰਮੀਆਂ ਵਿੱਚ



ਓਨਟਾਰੀਓ ਵਿੱਚ ਕਈ ਐਮਰਜੰਸੀ ਡਿਪਾਰਟਮੈਂਟਸ ਨੂੰ ਘੰਟਿਆਂ ਜਾਂ ਦਿਨਾਂ ਲਈ ਬੰਦ ਕਰਨਾ ਪਿਆ। ਅਜਿਹਾ ਨਰਸਿੰਗ ਸਟਾਫ ਦੀ ਘਾਟ ਕਾਰਨ ਹੋਇਆ।

ਅਰਬਨ ਹਸਪਤਾਲਾਂ ਨਾਲੋਂ ਕੁੱਝ ਪਿੰਡਾਂ ਦੇ ਹਸਪਤਾਲਾਂ ਨੂੰ ਵਧੇਰੇ ਨਕੁਸਾਨ ਹੋਇਆ ਹੈ। ਜੋਨਜ਼ ਨੇ ਆਖਿਆ ਕਿ ਇਸ ਸਮੱਸਿਆ ਨੂੰ ਹੱਲ ਕਰਨ ਲਈ ਉਹ ਹਸਪਤਾਲਾਂ ਦੀਆਂ ਕਾਰਪੋਰੇਸ਼ਨਜ਼ ਨਾਲ ਗੱਲਬਾਤ ਕਰ ਰਹੇ ਹਨ। ਸਰਕਾਰ ਹੈਲਥ ਸਿਸਟਮ ਵਿੱਚ ਤਬਦੀਲੀ ਲਿਆਉਣ ਉੱਤੇ ਵਿਚਾਰ ਕਰ ਰਹੀ ਹੈ। ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਇਹ ਤਬਦੀਲੀ ਕੀ ਹੋਵੇਗੀ।

## ਹੁਣ ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ 11 ਤੋਂ 22 ਅਗਸਤ ਤੱਕ ਮਿਸੀਸਾਗਾ 'ਚ




ਟੋਰਾਂਟੋ, 11 ਅਗਸਤ (ਪੋਸਟ ਬਿਊਰੋ) : ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ 2022, 11 ਤੋਂ 22 ਅਗਸਤ ਤੱਕ ਮਿਸੀਸਾਗਾ ਦੇ ਡਿਕਸੀ ਆਊਟਲੈਟ ਮਾਲ ਵਿੱਚ 19 ਹੈਰਤਅੰਗੇਂ ਸ਼ੋਅਜ਼ ਲੈ ਕੇ ਆ ਰਹੀ ਹੈ। ਜੀਟੀਏ ਵਿੱਚ ਇਹ ਸਰਕਸ 28 ਅਗਸਤ, 2022 ਤੱਕ ਰਹੇਗੀ ਤੇ ਕੁੱਲ 56 ਕਮਾਲ ਦੇ ਸ਼ੋਅ ਪੇਸ਼ ਕਰੇਗੀ।



ਇਸ ਦੌਰਾਨ ਵ੍ਹੀਲ ਆਫ ਡੈਸਟਿਨੀ ਉੱਤੇ ਡੇਅਰਡੇਵਿਲ ਜੋਸਫ ਡੌਮੀਨਿਕ ਬਾਇਰ ਆਪਣੇ ਕਰਤਬ ਵਿਖਾਵੇਗਾ, ... ਇਸ ਤੋਂ ਇਲਾਵਾ ਸ਼ਿਕਾਗੋ ਬੌਇਜ਼, ਅਮੈਰਿਕਾਜ਼ ਗੌਟ ਟੇਲੈਂਟ ਤੋਂ ਐਕਰੋਬੈਟਿਕ ਟੀਮ ਪਲੱਸ ਫਲਾਈਂਗ ਟਰੈਪੀਜ਼, ਕੁਰਸੀਆਂ ਨੂੰ ਸੰਤੁਲਿਤ ਕਰਨਾ, ਗਾਣਾ ਗਾਉਂਦੇ ਹੋਏ ਹੈੱਡ ਬੈਲੈਂਸਿੰਗ, ਹਿਊਮਨ ਕੈਨਨ ਬਾਲ, ਹਵਾ ਵਿੱਚ ਵਾਲਾਂ ਨਾਲ ਲਟਕਣਾ, ਹੂਲਾ ਹੂਪ ਮੇਜ਼ ... ਤੇ ਕਾਮੇਡੀ ਆਦਿ ਪੇਸ਼ ਕੀਤੇ ਜਾਣਗੇ। ਇੱਕ ਦਿਨ ਲਈ ਇਸ ਸਰਕਸ ਦਾ ਹਿੱਸਾ ਬਣਕੇ ਹੈਰਾਨ ਕਰ ਦੇਣ ਵਾਲੇ ਕਰਤਬਾਂ ਦਾ ਆਨੰਦ ਮਾਣੋ। ਇਹ ਕਿਫਾਇਤੀ ਤੇ ਪਰਿਵਾਰਕ ਐਂਟਰਟੇਨਮੈਂਟ ਲਈ ਬਹੁਤ ਵਧੀਆ ਮਿਸਾਲ ਬਣੇਗੀ।

ਇੱਕ ਦੀ ਕੀਮਤ ਉੱਤੇ ਦੋ ਸਰਕਸ ਵੇਖਣ ਆਓ ਤੇ ਇਸ ਲਈ www.royalcanadiancircus.ca ਉੱਤੇ ਜਾਓ ਤੇ ਪ੍ਰੋਮੋਕੋਡ : ਪੰਜਾਬੀ ਪਾਓ। ...ਬਾਕੀ ਪੰਨਾ 2 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off : 905.230.3100

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

OURR HOME APPLIANCES
Late Summer TREATS
PRICE $3199 +TAX
PRICE $1599 +TAX
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

## ਹੁਣ ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ 11 ਤੋਂ 22 ਅਗਸਤ ਤੱਕ ਮਿਸੀਸਾਗਾ 'ਚ






ਇੱਕ ਦੀ ਕੀਮਤ ਉੱਤੇ ਦੋ ਸਰਕਸ ਵੇਖਣ ਆਓ ਤੇ ਇਸ ਲਈ www.royalcanadiancircus.ca ਉੱਤੇ ਜਾਓ ਤੇ ਪ੍ਰੋਮੋਕੋਡ : ਪੰਜਾਬੀ ਪਾਓ।

ਵਧੇਰੇ ਜਾਣਕਾਰੀ ਲਈ ਕੈਥੀ ਸਪਰਾਊਲ, ਡਾਇਰੈਕਟਰ ਪਬਲਿਕ ਰਿਲੇਸ਼ਨਜ਼ ਨਾਲ (403)815-7499 ਉੱਤੇ ਸੰਪਰਕ ਕਰੋ ਜਾਂcathys@royalcanadiancircus.com ਉੱਤੇ ਈਮੇਲ ਕਰੋ।

ਰੌਇਲ ਕੈਨੇਡੀਅਨ ਸਰਕਸ ਵੱਲੋਂ ਹੇਠ ਲਿਖੇ ਮੁਤਾਬਕ ਟੂਰ ਕੀਤੇ ਜਾ ਰਹੇ ਹਨ :

Mississauga, ON:
Dixie Outlet Mall, Aug 11-21, 2022, for 19 shows.
Aug 11, 2022 @ 7pm
Aug 12, 2022 @ 4pm & 7:30pm
Aug 13, 2022 @ 12Noon, 4pm & 7:30pm
Aug 14, 2022 @ 1pm & 5pm
Aug 15, 2022 @ 7pm
Aug 16, 2022 @ 7pm
Aug 17, 2022 @ 7pm
Aug 18, 2022 @4pm & 7:30pm
Aug 19, 2022 @ 12Noon, 4:30pm & 7:30pm
Aug 20, 2022 @ 1pm & 5pm

Burlington, ON:
Burlington Centre, Aug 25-28, 2022, for 8 shows.
Aug 25, 2022 @ 7pm
Aug 26, 2022 @ 4pm & 7:30pm
Aug 27, 2022 @ 12Noon, 4pm & 7:30pm
Aug 28, 2022 @ 1pm & 5pm

# ਇਮੀਗ੍ਰੇਸ਼ਨ ਮਾਮਲਿਆਂ ਲਈ ਕੈਨੇਡਾ ਸਰਕਾਰ ਨੇ ਬਿਨਾਂ ਦੱਸਿਆਂ ਨਿਯਮ ਕੀਤੇ ਬਦਲੀ

ਓਟਵਾ, 11 ਅਗਸਤ (ਪੋਸਟ ਬਿਊਰੋ) : ਫੈਡਰਲ ਜੱਜ ਵੱਲੋਂ ਸੁਣਾਏ ਗਏ ਫੈਸਲੇ ਵਿੱਚ ਆਖਿਆ ਗਿਆ ਹੈ ਕਿ ਇਰਾਨ ਤੋਂ 100 ਇਮੀਗ੍ਰੈਂਟਸ ਦੇ ਮਾਮਲਿਆਂ ਨੂੰ ਗੈਰ ਤਰਕਸੰਗਤ ਢੰਗ ਨਾਲ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਹੁਕਮ ਦਿੱਤਾ ਕਿ ਇਨ੍ਹਾਂ ਮਾਮਲਿਆਂ ਨੂੰ ਇੱਕ ਵਾਰੀ ਮੁੜ ਵਿਚਾਰਿਆ ਜਾਵੇ। ਇਸ ਉਦਾਹਰਨ ਨਾਲ ਅਜਿਹੇ ਸੈਂਕੜੇ ਹੋਰਨਾਂ ਮਾਮਲਿਆਂ ਵਿੱਚ ਇੱਕ ਨਵੀਂ ਮਿਸਾਲ ਕਾਇਮ ਹੋਵੇਗੀ।

ਸਰਕਾਰ ਦੀ ਇੱਕ ਨਿੱਕੀ ਜਿਹੀ ਇਮੀਗ੍ਰੇਸ਼ਨ ਕੈਟੇਗਰੀ ਹੈ, ਜਿਹੜੀ ਸੈਲਫ ਇੰਪਲੌਇਡ ਆਰਟਿਸਟ ਤੇ ਅਥਲੀਟਸ ਲਈ ਹੈ। ਇਹ ਪ੍ਰੋਗਰਾਮ ਦੁਨੀਆ ਦਾ ਮਿਆਰੀ ਹੁਨਰ ਰੱਖਣ ਵਾਲੇ ਲੋਕਾਂ ਨੂੰ ਨਾਗਰਿਕਤਾ ਦੇਣ ਲਈ ਤਿਆਰ ਕੀਤਾ ਗਿਆ ਹੈ। ਪਰ ਅੰਦਰੂਨੀ ਮੀਮੋ ਵਿੱਚ ਇਹ ਸਾਹਮਣੇ ਆਇਆ ਕਿ ਬਿਊਰੋਕ੍ਰੈਟਸ ਵੱਲੋਂ ਇਹ ਸਵੀਕਾਰ ਕੀਤਾ ਗਿਆ ਹੈ ਕਿ ਇਸ ਸਬੰਧ ਵਿੱਚ ਉਪਲਬਧ ਜਾਣਕਾਰੀ ਭੰਬਲਭੂਸੇ ਵਾਲੀ ਹੈ ਤੇ ਉਸ ਦਾ ਕੋਈ ਸਪਸ਼ਟ ਮਿਆਰ ਨਹੀਂ।

ਅਦਾਲਤ ਵਿੱਚ ਇਰਾਨ ਤੋਂ ਆਈਆਂ ਉਨ੍ਹਾਂ 100 ਅਰਜ਼ੀਆਂ ਦਾ ਮਾਮਲਾ ਚੱਲ ਰਿਹਾ ਸੀ ਜਿਹੜੀਆਂ ਕੈਨੇਡਾ ਵਿੱਚ ਸੈਟਲ ਹੋਣ ਦੇ ਚਾਹਵਾਨਾਂ ਵੱਲੋਂ ਭੇਜੀਆਂ ਗਈਆਂ ਸਨ ਪਰ ਉਨ੍ਹਾਂ ਨੂੰ ਰੱਦ ਕਰ ਦਿੱਤਾ



ਗਿਆ। ਇਰਾਨ ਤੋਂ ਇਨ੍ਹਾਂ ਮਾਮਲਿਆਂ ਨੂੰ ਪਹਿਲਾਂ ਅੰਕਾਰਾ, ਤੁਰਕੀ ਦੇ ਸਰਕਾਰੀ ਆਫਿਸ ਰਾਹੀਂ ਪ੍ਰੋਸੈੱਸ ਕੀਤਾ ਗਿਆ ਸੀ, ਪਰ ਬੈਕਲਾਗ ਨਾਲ ਨਜਿੱਠਣ ਦੇ ਇਰਾਦੇ ਨਾਲ ਸਰਕਾਰ ਨੇ ਇਨ੍ਹਾਂ ਨੂੰ ਵਾਰਸਾਅ, ਪੋਲੈਂਡ ਸ਼ਿਫਟ ਕਰ ਦਿੱਤਾ। ਇਮੀਗ੍ਰੇਸ਼ਨ ਕੰਸਲਟੈਂਟਸ ਨੇ ਦੱਸਿਆ ਕਿ ਰੱਦ ਹੋਣ ਵਾਲੇ ਮਾਮਲਿਆਂ ਵਿੱਚ ਵਾਧਾ ਹੋ ਗਿਆ।

ਪਿਛਲੇ ਮਹੀਨੇ ਜਾਰੀ ਕੀਤੇ ਗਏ ਫੈਸਲੇ ਵਿੱਚ ਜੱਜ ਹੈਨਰੀ ਬ੍ਰਾਊਨ ਨੇ ਆਖਿਆ ਕਿ ਇਹ ਸਪਸ਼ਟ ਹੈ ਕਿ ਆਫਿਸ ਬਦਲਣ ਕਾਰਨ ਬਿਲਕੁਲ ਨਵੇਂ ਮਾਪਦੰਡ ਅਪਣਾਏ ਗਏ। ਬ੍ਰਾਊਨ ਨੇ ਆਪਣੇ ਫੈਸਲੇ ਵਿੱਚ ਆਖਿਆ ਕਿ ਇਹ ਤਬਦੀਲੀ ਬਹੁਤੀ ਸੁਖਾਵੀਂ ਨਹੀਂ ਹੈ। ਕਈ ਬਿਨੈਕਾਰਾਂ ਨੇ ਜਿਸ ਸਮੇਂ ਅਪਲਾਈ ਕੀਤਾ ਤੇ ਜਿਸ ਸਮੇਂ ਉਨ੍ਹਾਂ ਦੀ ਅਰਜ਼ੀਆਂ ਸਵੀਕਾਰ ਹੋਣਗੀਆਂ ਉਸ ਵਿਚਾਲੇ ਅੱਠ ਸਾਲ ਦਾ ਸਮਾਂ ਲੱਗ ਜਾਵੇਗਾ। ਵਾਰਸਾਅ ਤੱਕ ਮਾਮਲੇ ਟਰਾਂਸਫਰ ਹੋਣ ਤੋਂ ਪਹਿਲਾਂ ਬਿਨੈਕਾਰਾਂ ਨੂੰ ਅਕਸਰ ਜਾਣਕਾਰੀ ਮੁਹੱਈਆ ਕਰਵਾਉਣ ਲਈ ਆਖਿਆ ਜਾਂਦਾ ਸੀ ਜੋ ਬੰਦ ਹੋ ਗਈ ਹੈ।

ਬ੍ਰਾਊਨ ਨੇ ਆਖਿਆ ਕਿ ਕਈ ਅਰਜ਼ੀਆਂ ਤਾਂ ਇਸ ਲਈ ਰੱਦ ਕਰ ਦਿੱਤੀਆਂ ਗਈਆਂ ਕਿਉਂਕਿ ਉਨ੍ਹਾਂ ਦੇ ਬਿਜ਼ਨਸ ਪਲੈਨਜ਼ ਵਿੱਚ ਵੇਰਵੇ ਦੀ ਘਾਟ ਸੀ। ਪਰ ਬ੍ਰਾਊਨ ਨੇ ਆਖਿਆ ਕਿ ਪਹਿਲਾਂ ਇਹ ਮਾਪਦੰਡ ਨਹੀਂ ਸੀ ਹੁੰਦਾ ਤੇ ਬਿਨਾਂ ਨੋਟਿਸ ਦੇ ਇਸ ਨੂੰ ਲਾਗੂ ਕਰਨਾ ਜਾਇਜ਼ ਨਹੀਂ ਹੈ। ਬ੍ਰਾਊਨ ਨੇ ਫੈਸਲਾ ਸੁਣਾਉਂਦਿਆਂ ਆਖਿਆ ਕਿ ਸਰਕਾਰ ਇਨ੍ਹਾਂ 108 ਮਾਮਲਿਆਂ ਉੱਤੇ ਅੰਕਾਰਾ ਆਫਿਸ ਵਾਲੇ ਮਾਪਦੰਡਾਂ ਦੇ ਅਨੁਸਾਰ ਹੀ ਦੂਜੀ ਝਾਤੀ ਵੀ ਮਾਰੇ।

## ਮਿਸੀਸਾਗਾ ਦੇ ਰੈਸਟੋਰੈਂਟ ਵਿੱਚ ਮਾਰਿਆ ਗਿਆ ਡਾਕਾ



ਮਿਸੀਸਾਗਾ, 11 ਅਗਸਤ (ਪੋਸਟ ਬਿਊਰੋ) :ਮਿਸੀਸਾਗਾ ਸਥਿਤ ਕੈਪਰਾਜ਼ ਕਿਚਨ ਰੈਸਟੋਰੈਂਟ ਦਾ ਕੰਮ ਸਹੀ ਢੰਗ ਨਾਲ ਚੱਲ ਰਿਹਾ ਸੀ, ਪਰ ਇਸ ਹਫਤੇ ਉੱਥੇ ਹੋਈ ਰੌਬਰੀ ਨਾਲ ਪਰਿਵਾਰ ਬੁਰੀ ਤਰ੍ਹਾਂ ਟੁੱਟ ਗਿਆ।

ਰੈਸਟੋਰੈਂਟ ਦੇ ਮਾਲਕ ਮੈਸਿਮੋ ਕੈਪਰਾ ਨੇ ਦੱਸਿਆ ਕਿ ਮੰਗਲਵਾਰ ਤੜਕੇ 1:30 ਉੱਤੇ ਉਨ੍ਹਾਂ ਨੂੰ ਆਪਣੀ ਸਕਿਊਰਿਟੀ ਕੰਪਨੀ ਤੋਂ ਕਾਲ ਆਇਆ ਕਿ ਉਨ੍ਹਾਂ ਦੇ ਰੈਸਟੋਰੈਂਟ ਵਿੱਚ ਕੁੱਝ ਗੜਬੜ ਚੱਲ ਰਹੀ ਲੱਗਦੀ ਹੈ। ਜਦੋਂ ਕੈਪਰਾ ਰੈਸਟੋਰੈਂਟ ਪਹੁੰਚੇ ਤਾਂ ਉਨ੍ਹਾਂ ਵੇਖਿਆ ਕਿ ਸਾਹਮਣੇ ਵਾਲਾ ਦਰਵਾਜ਼ਾ ਖੁੱਲ੍ਹਾ ਸੀ ਤੇ ਰੈਸਟੋਰੈਂਟ ਦੇ ਆਫਿਸ ਵਿੱਚੋਂ ਨਿੱਕੀ ਸੇਫ ਤੇ ਮਨੀ ਬਾਕਸ ਗਾਇਬ ਸਨ।

ਕੈਪਰਾ ਨੇ ਦੱਸਿਆ ਕਿ ਮਸ਼ਕੂਕ ਵੱਡੀ ਮਾਤਰਾ ਵਿੱਚ ਪੈਸੇ ਲੈ ਗਏ ਹਨ ਕਿਉਂਕਿ ਉਨ੍ਹਾਂ ਆਪਣੇ ਮੁਲਾਜ਼ਮਾਂ ਨੂੰ ਦੇਣ ਲਈ ਉੱਥੇ ਨਕਦੀ ਰੱਖੀ ਹੋਈ ਸੀ। ਪਰ ਉਸ ਤੋਂ ਵੀ ਕੀਮਤੀ ਚੀਜ਼ਾਂ ਉਸ ਸੇਫ ਵਿੱਚ ਸਨ ਜਿਹੜੀਆਂ ਉਹ ਲੈ ਗਏ ਹਨ। ਕੈਪਰਾ ਨੇ ਦੱਸਿਆ ਕਿ ਚਾਰ ਸਾਲ ਪਹਿਲਾਂ ਉਨ੍ਹਾਂ ਦੇ 30 ਸਾਲਾ ਲੜਕੇ ਐਂਡਰਿਊ ਦੀ ਮੌਤ ਹੋਈ ਸੀ। ਉਸ ਦੇ ਮੈਮੋਰੀਅਲ ਵਿੱਚ ਸ਼ਾਮਲ ਲੋਕਾਂ ਵੱਲੋਂ ਉਸ ਲਈ ਨੋਟਸ, ਗਾਣੇ, ਕਹਾਣੀਆਂ ਤੇ ਤਸਵੀਰਾਂ, ਚਿੱਠੀਆਂ ਆਦਿ ਦਿੱਤੀਆਂ ਗਈਆਂ ਸਨ, ਉਹ ਸੱਭ ਵੀ ਉਸ ਸੇਫ ਵਿੱਚ ਸੀ।

ਕੈਪਰਾ ਨੇ ਆਖਿਆ ਕਿ ਪੈਸਾ ਤਾਂ ਆਉਣੀ ਜਾਣੀ ਚੀਜ਼ ਹੈ ਪਰ ਜੇ ਹੋ ਸਕੇ ਤਾਂ ਮਸ਼ਕੂਕਾਂ ਨੂੰ ਗੁਜ਼ਾਰਿਸ਼ ਹੈ ਕਿ ਉਹ ਉਨ੍ਹਾਂ ਦੇ ਬੇਟੇ ਨਾਲ ਸਬੰਧਤ ਚੀਜ਼ਾਂ ਮੋੜ ਦੇਣ। ਉਨ੍ਹਾਂ ਵੱਲੋਂ ਇਸ ਡਾਕੇ ਦੀ ਫੁਟੇਜ ਇਨਸਟਾਗ੍ਰਾਮ ਉੱਤੇ ਸਾਂਝੀ ਕੀਤੀ ਗਈ ਹੈ ਤੇ ਇਹ ਵੀ ਆਖਿਆ ਗਿਆ ਹੈ ਕਿ ਉਨ੍ਹਾਂ ਦੇ ਬੇਟੇ ਨਾਲ ਸਬੰਧਤ ਸਮਾਨ ਮੋੜਨ ਵਾਲੇ ਨੂੰ ਨਕਦ ਇਨਾਮ ਵੀ ਦਿੱਤਾ ਜਾਵੇਗਾ।

## ਉਪ ਚੋਣ ਰੋਕਣ ਵਾਸਤੇ ਇਮਰਾਨ ਖਾਨ ਦੀ ਪਟੀਸ਼ਨ ਇਸਲਾਮਾਬਾਦ ਹਾਈ ਕੋਰਟ ਵੱਲੋਂ ਰੱਦ

ਇਸਲਾਮਾਬਾਦ, 11 ਅਗਸਤ, (ਪੋਸਟ ਬਿਊਰੋ)- ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ (ਪੀ ਟੀ ਆਈ) ਨੂੰ ਇਸਲਾਮਾਬਾਦ ਹਾਈ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਕੋਰਟ ਨੇ ਪਾਕਿਸਤਾਨ ਦੇ ਚੋਣ ਕਮਿਸ਼ਨ ਵੱਲੋਂ 9 ਨੈਸ਼ਨਲ ਅਸੈਂਬਲੀ ਸੀਟਾਂ ਉੱਤੇਕਰਾਈਆਂ ਜਾ ਰਹੀਆਂ ਉਪ ਚੋਣਾਂ ਰੱਦ ਕਰਨ ਦੀ ਪੀ ਟੀ ਆਈ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ, ਜਿਸ ਨਾਲ ਚੋਣਾਂ ਹੋਣ ਦਾ ਰਾਹ ਖੁੱਲ੍ਹ ਗਿਆ ਹੈ।ਦਿ ਨਿਊਜ਼ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਕ ਪਟੀਸ਼ਨਰ ਨੂੰ ਸੰਬੋਧਨ ਕਰ ਕੇ ਹਾਈ ਕੋਰਟ ਨੇ ਕਿਹਾ ਕਿ ਚੋਣ ਪ੍ਰਕਿਰਿਆ ਜਾਰੀ ਰਹਿਣੀ ਚਾਹੀਦੀ ਹੈ ਅਤੇ ਬਾਕੀ 123 ਹਲਕਿਆਂ ਵਿੱਚ ਉਪ ਚੋਣਾਂ ਦੀ ਪ੍ਰਕਿਰਿਆ ਬਾਅਦ ਵਿੱਚ ਪੂਰੀ ਕੀਤੀ ਜਾਵੇਗੀ।






ਪੀ ਟੀ ਆਈ ਵੱਲੋਂ ਨੌਂ ਹਲਕਿਆਂ ਵਿੱਚ ਉਪ ਚੋਣਾਂ ਨੂੰ ਚੁਣੌਤੀ ਦੇਣ ਵਾਲੇ ਇਸ ਕੇਸ ਦੀ ਸੁਣਵਾਈਹਾਈ ਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਆਮਿਰ ਫਾਰੂਕ ਨੇ ਕੀਤੀ, ਜਿੱਥੇਪੀ ਟੀ ਆਈ ਦੇ ਵਕੀਲ ਫੈਜ਼ਲ ਚੌਧਰੀ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਅਦਾਲਤ ਉਪ ਚੋਣ ਪ੍ਰੋਗਰਾਮ ਨੂੰ ਰੋਕੇ। ਅਦਾਲਤ ਨੇ ਵਕੀਲ ਨੂੰ ਇਸਦਾ ਕਾਨੂੰਨੀ ਕਾਰਨ ਦੱਸਣ ਨੂੰ ਕਿਹਾ। ਵਕੀਲ ਨੇ ਕਿਹਾ ਕਿ ਪੀ ਟੀ ਆਈ ਵੱਲੋਂਐੱਮ ਐੱਨ ਏ ਦੇ ਅਸਤੀਫ਼ੇ ਪੜਾਅਵਾਰ ਮਨਜ਼ੂਰ ਕਰਨ ਵਿਰੁੱਧ ਹਾਈ ਕੋਰਟ ਵਿੱਚਅਰਜ਼ੀ ਪੈਂਡਿੰਗ ਹੈ, ਜਿਸ ਵਿੱਚਦੱਸਿਆ ਹੈ ਕਿ ਪੀ ਟੀ ਆਈ ਦੇ 123 ਐੱਮ ਐੱਨ ਏ ਨੇ ਅਸਤੀਫਾ ਦਿੱਤਾ ਤਾਂ ਉੱਪ ਚੋਣਸਿਰਫ਼ ਨੌਂ ਸੀਟਾਂ ਦੀ ਨਹੀਂ,ਸਭ ਸੀਟਾਂ ਦੀ ਹੋਣੀ ਚਾਹੀਦੀ ਹੈ।ਕਾਰਜਕਾਰੀ ਚੀਫ਼ ਜਸਟਿਸ ਆਮਿਰ ਫਾਰੂਕ ਨੇ ਇਹ ਦਲੀਲ ਨਹੀਂ ਮੰਨੀ ਅਤੇ ਅਪੀਲ ਰੱਦ ਕਰ ਦਿੱਤੀ ਹੈ।

ਪਿਛਲੇ ਹਫਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਨੇ ਇਸਲਾਮਾਬਾਦ ਹਾਈ ਕੋਰਟ ਨੂੰ ਪਹੁੰਚ ਕੀਤੀ ਅਤੇ ਸਿਰਫ ਨੌਂ ਨੈਸ਼ਨਲ ਅਸੈਂਬਲੀ ਸੀਟਾਂ ਦਾ ਉਪ ਚੋਣ ਪ੍ਰੋਗਰਾਮ ਮੁਲਤਵੀ ਕਰਨ ਦੀ ਮੰਗ ਕੀਤੀ ਸੀ।

EXCLUSIVE OFFER!
GET A $15 IN-STORE CREDIT
*WITH NEW ACTIVATION ON A $25/MO DATA, TALK, & TEXT PLAN OR HIGHER



1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

chatr™
AUTHORIZED DEALER

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਟੀਟੀਸੀ ਦੇ ਟਰੈਕਸ ਉੱਤੇ ਘੁੰਮਦੀ ਮਿਲੀ 4 ਸਾਲਾ ਬੱਚੀ

ਸਕਾਰਬਰੋ, 11 ਅਗਸਤ (ਪੋਸਟ ਬਿਊਰੋ) : ਰਾਤ ਸਮੇਂ ਸਕਾਰਬਰੋ ਵਿੱਚ ਸਬਵੇਅ ਟਰੈਕਸ ਉੱਤੇ ਘੁੰਮਦੀ ਪਾਈ ਗਈ 4 ਸਾਲਾ ਬੱਚੀ ਨੂੰ ਆਖਿਰਕਾਰ ਉਸ ਦੇ ਪਰਿਵਾਰ ਨਾਲ ਮਿਲਾ ਹੀ ਦਿੱਤਾ ਗਿਆ।

ਪੁਲਿਸ ਨੇ ਦੱਸਿਆ ਕਿ ਵੀਰਵਾਰ ਨੂੰ ਰਾਤੀਂ 1:30 ਦੇ ਨੇੜੇ ਤੇੜੇ ਵਾਰਡਨ ਸਟੇਸ਼ਨ ਉੱਤੇ ਟੀਟੀਸੀ ਵਰਕਰ ਨੂੰ ਇੱਕ ਚਾਰ ਸਾਲਾ ਬੱਚੀ ਘੁੰਮਦੀ ਮਿਲੀ। ਪੁਲਿਸ ਨੇ ਦੱਸਿਆ ਕਿ ਇੱਕ ਸਬਵੇਅ ਟਰੇਨ ਦੇ ਆਉਣ ਤੋਂ ਕੁੱਝ ਸਮਾਂ ਪਹਿਲਾਂ ਹੀ ਬੱਚੀ ਮਿਲ ਜਾਣ ਕਾਰਨ ਵੱਡਾ ਹਾਦਸਾ ਹੋਣੋਂ ਟਲ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਬੱਚੀ ਕਥਿਤ ਤੌਰ ਉੱਤੇ ਇੱਕਲੀ ਹੀ ਸਟੇਸ਼ਨ ਉੱਤੇ ਪਹੁੰਚ ਗਈ ਸੀ ਤੇ ਫਿਰ ਉਹ ਤੁਰਦੀ ਫਿਰਦੀ ਸਬਵੇਅ ਟਰੈਕਸ ਉੱਤੇ ਜਾ ਪਹੁੰਚੀ।

ਬੱਚੀ ਦੇ ਸਹੀ ਸਲਾਮਤ ਮਿਲਣ ਦੇ ਬਾਵਜੂਦ ਪੈਰਾਮੈਡਿਕਸ ਨੂੰ ਸੱਦਿਆ ਗਿਆ ਤਾਂ ਕਿ ਇਸ ਦੀ ਪੁਸ਼ਟੀ ਕੀਤੀ ਜਾ ਸਕੇ ਕਿ ਬੱਚੀ ਸਹੀ ਸਲਾਮਤ ਹੈ। ਪੁਲਿਸ ਅਧਿਕਾਰੀਆਂ ਨੇ ਪਾਇਆ ਕਿ



ਬੱਚੀ ਨੂੰ ਉਸ ਦੇ ਮਾਪਿਆਂ ਨਾਲ ਮਿਲਾ ਦਿੱਤਾ ਗਿਆ। ਪੁਲਿਸ ਨੂੰ ਸ਼ੱਕ ਹੈ ਕਿ ਲੜਕੀ ਅੱਧੀ ਰਾਤ ਨੂੰ ਉੱਠ ਦੇ ਆਪਣੇ ਘਰ ਤੋਂ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਈ ਹੋਵੇਗੀ ਤੇ ਫਿਰ ਕਿਸੇ ਤਰ੍ਹਾਂ ਸਟੇਸ਼ਨ ਪਹੁੰਚ ਗਈ। ਪਰ ਉਹ ਟਰੈਕਸ ਕੋਲ ਕਿਵੇਂ ਪਹੁੰਚੀ ਇਸ ਬਾਰੇ ਜਾਂਚ ਚੱਲ ਰਹੀ ਹੈ।

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ –
ਤੁਹਾਡੀ ਭਾਸ਼ਾ ਬੋਲਦੇ – Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੁੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਉ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARRANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER & SPIRITUAL HEALER
RAJNI SHARMA
■ ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
■ ਧਰਨ ਚੁਕ ਅਤੇ ਬੈਕ ਪਰਾਬਲਮ
■ ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
■ ਮੈਂਟਲ ਹੈਲਥ ਪਰਾਬਲਮ
■ ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
647-409-0731 / 905-794-0731
Near Gore & Gardenbrook Trail - 183 Thorndale Rd, Brampton, ON L6P 3K8

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜੁਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

Rajsthani Cultural Society of Canada

AUTOMAN GROUP OF COMPANIES
Automan Express
www.automanexpress.com
905-796-4616
BlueLine DISTRIBUTION
www.bluelined.com
905-875-4630

Please join for
ANNUAL Rajasthani PICNIC
Great opportunity to meet and greet our friends and relatives from our area
Sunday 14th August ,2022
Fun Begins 11am Onwards ....
VENUE : Heart Lake, Brampton
PICNIC SITE: Lakemont -2
RSVP: RAJASTHANI CULTURAL SOCIETY OF CANADA
For more info or Contributions / Volunteering please contact;
Balkaran Dhillon- 416 6253231, Gurpreet Maan -2269623523
Tejpal Brar - 4169515239, Gursewak Sandhu -5199712636
Daljeet Sandhu -4163004243 Mandeep Nagra 9057464344
Harmik Dhanoa -4162305290, Gurpal Singh - 9058670008

WISE TRUCKING SOLUTIONS
905-291-6730
905-291-6638/905-291-6562
INFO@WISETRUCKING.CA

SUKHMAN DHILLON
REGISTERED INSURANCE BROKER
Provide Best Insurance Rates For
TRUCKING | AUTO | HOME | BUSINESS
FIVE STAR
sukhman@fivestarinsurance.ca
647 - 871 - 3231

RE/MAX TEAM SHAHIRAJ
RUPINDER SHAHIRAJ 647-296-7244
SUKHRAJ SHAHIRAJ 647-701-7244
TEAMSHAHIRAJ.COM

MAERSK
HARPREET BHULLAR
RAJVEER KAUR
647-588-6696
SOLDMAX.CA
GET A PRICE ON YOUR HOME

MEGNA GRANITE AND MARBLE INC.
SERVING COMMERCIAL AND RESIDENTIAL CLIENTS
OFFICE 905.874.0777 JAG DHILLON 647.980.6713
FAX 905.874.7838 ROB DHALIWAL 416.562.8029
MEGNACOUNTERTOPS@HOTMAIL.COM
219 WILKINSON RD, UNIT #2, BRAMPTON ON. L6T 4M1

Harinder Dhanoa & Lovi Dhanoa
TRADEX Logistics

CTDW CANADIAN TECH
DALJEET (DJ) 416-300-4243
905-673-8000
905-673-8001
ctdwinc@gmail.com
www.ctdw.ca
12 Colony Court, Brampton, ON L6T 4E6
DOORS | WINDOWS | GLASS | MIRRORS

AMCO Kitchen Cabinets
Baldev Singh Tiwana
Tel : 905-454-9243
Cell : 647-273-0101
www.amcokitchencabinets.ca
Email : amcokitchencabinet@gmail.com
59 Wilkinson Road, Unit #1-2 Brampton, ON L6T 5A7

## ਟੋਰਾਂਟੋ ਵਿੱਚ ਚੱਲੀ ਗੋਲੀ ਇੱਕ ਹਲਾਕ, ਇੱਕ ਜ਼ਖ਼ਮੀ

ਟੋਰਾਂਟੋ, 11 ਅਗਸਤ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਟੋਰਾਂਟੋ ਵਿੱਚ ਚੱਲੀ ਗੋਲੀ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਜ਼ਖ਼ਮੀ ਹੋ ਗਿਆ। ਸਵੇਰੇ 3:30 ਤੋਂ ਪਹਿਲਾਂ ਲਾਅਰੈਂਸ ਐਵਨਿਊ ਤੇ ਵੈਸਟਨ ਰੋਡ ਏਰੀਆ ਵਿੱਚ ਚੱਲੀ ਗਲੀ ਤੋਂ ਬਾਅਦ ਐਮਰਜੰਸੀ ਅਮਲਾ ਮੌਕੇ ਉੱਤੇ ਪੁੱਜਿਆ। ਪੁਲਿਸ ਨੂੰ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਦੂਜੇ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਟੋਰਾਂਟੋ ਪੈਰਾਮੈਡਿਕਸ ਵੱਲੋਂ ਦਿੱਤੀ ਗਈ। ਮਸ਼ਕੂਕ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

## ਓਡੀਐਸਪੀ ਨਾਲ ਜੁੜੇ ਵਿਅਕਤੀਆਂ ਨੂੰ ਸਤੰਬਰ ਤੋਂ ਹਾਸਲ ਹੋਵੇਗੀ ਪੰਜ ਫੀ ਸਦੀ ਵੱਧ ਪੇਅਮੈਂਟ



ਓਨਟਾਰੀਓ, 11 ਅਗਸਤ (ਪੋਸਟ ਬਿਊਰੋ) : ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਓਨਟਾਰੀਓ ਡਿਸਐਬਿਲਿਟੀ ਸਪੋਰਟ ਪ੍ਰੋਗਰਾਮ (ਓਡੀਐਸਪੀ) ਨਾਲ ਜੁੜੇ ਵਿਅਕਤੀਆਂ ਨੂੰ ਸਤੰਬਰ ਤੋਂ ਹਾਸਲ ਹੋਣ ਵਾਲੀ ਪੇਅਮੈਂਟ ਵਿੱਚ ਪੰਜ ਫੀ ਸਦੀ ਦਾ ਵਾਧਾ ਮਿਲਣਾ ਸ਼ੁਰੂ ਹੋ ਜਾਵੇਗਾ।

ਓਡੀਐਸਪੀ ਨਾਲ ਜੁੜੇ ਵਿਅਕਤੀਆਂ ਨੂੰ 2018 ਤੋਂ ਮਹੀਨੇ ਦੇ 1169 ਡਾਲਰ ਹਾਸਲ ਹੁੰਦੇ ਹਨ। ਪੰਜ ਫੀ ਸਦੀ ਵਾਧੇ ਨਾਲ ਉਨ੍ਹਾਂ ਨੂੰ 58 ਡਾਲਰ ਹੋਰ ਮਿਲਣ ਲੱਗਣਗੇ। ਬਜਟ ਮੁੜ ਪੇਸ਼ ਕੀਤੇ ਜਾਣ ਦੀ ਕਵਾਇਦ ਤੋਂ ਬਾਅਦ ਮੰਗਲਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਵਿੱਤ ਮੰਤਰੀ ਪੀਟਰ ਬੈਥਲੇਨਫੈਲਵੀ ਨੇ ਆਖਿਆ ਕਿ ਸਾਡੀ ਸਰਕਾਰ ਵੱਲੋਂ ਲੋੜਵੰਦਾਂ ਦੀ ਮਦਦ ਕਰਨ ਦਾ ਇਹ ਨਿੱਕਾ ਜਿਹਾ ਉਪਰਾਲਾ ਹੈ। ਪਰ ਮਾਹਿਰਾਂ ਦਾ ਕਹਿਣਾ ਹੈ ਕਿ ਮਹਿੰਗਾਈ ਦੇ ਇਸ ਦੌਰ ਵਿੱਚ ਪੰਜ ਫੀ ਸਦੀ ਵਾਧਾ ਕੋਈ ਬਹੁਤਾ ਬੁੱਤਾ ਨਹੀਂ ਸਾਰਨ ਵਾਲਾ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ 200 ਤੋਂ ਵੱਧ ਗਰੁੱਪਜ਼ ਵੱਲੋਂ ਖੁੱਲ੍ਹਾ ਪੱਤਰ ਲਿਖ ਕੇ ਓਨਟਾਰੀਓ ਸਰਕਾਰ ਤੋਂ ਮੰਗ ਕੀਤੀ ਗਈ ਸੀ ਕਿ ਓਡੀਐਸਪੀ ਪੇਅਮੈਂਟ ਦਰਾਂ ਵਿੱਚ ਵਾਧਾ ਕੀਤਾ ਜਾਵੇ। ਮਹਿੰਗਾਈ ਦੇ ਚੱਲਦਿਆਂ ਪੰਜ ਫੀ ਸਦੀ ਵਾਧੇ ਤੋਂ ਭਾਵ ਹੈ ਕਿ ਓਡੀਐਸਪੀ ਹਾਸਲ ਕਰਨ ਵਾਲੇ ਸ਼ਖਸ ਨੂੰ ਲਗਾਤਾਰ ਹੋਰ ਸੰਘਰਸ਼ ਕਰਨਾ ਹੋਵੇਗਾ।

## ਫੋਰਡ ਸਰਕਾਰ ਦੇ ਰਾਜ ਭਾਸ਼ਣ ਵਿਚ ਹੈਲਥਕੇਅਰ ਸੰਕਟ ਤੇ ਮਹਿੰਗਾਈ ਦਾ ਮੁੱਦਾ ਰਹੇ ਚਰਚਾ ਦਾ ਵਿਸ਼ਾ

ਓਨਟਾਰੀਓ, 11 ਅਗਸਤ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰ ਨੂੰ ਕੁਈਨਜ਼ ਪਾਰਕ ਵਿਖੇ ਪੜ੍ਹੇ ਗਏ ਰਾਜ ਭਾਸ਼ਣ ਵਿੱਚ ਡੱਗ ਫੋਰਡ ਸਰਕਾਰ ਵੱਲੋਂ ਨਵੇਂ ਕਾਰਜਕਾਲ ਵਿੱਚ ਆਪਣੇ ਵੱਲੋਂ ਹਾਸਲ ਕੀਤੇ ਜਾਣ ਵਾਲੇ ਟੀਚਿਆਂ ਦਾ ਖੁਲਾਸਾ ਕੀਤਾ।



ਲੈਫਟੀਨੈਂਟ ਗਵਰਨਰ ਐਲਿਜ਼ਾਬੈੱਥ ਡਾਊਡਸਵੈੱਲ ਨੇ ਰਾਜ ਭਾਸ਼ਣ ਪੜ੍ਹ ਕੇ ਸੁਣਾਇਆ, ਜਿਸ ਵਿੱਚ ਸਰਕਾਰ ਵੱਲੋਂ ਹਸਪਤਾਲਾਂ ਨੂੰ ਪ੍ਰਭਾਵਿਤ ਕਰ ਰਹੇ ਹੈਲਥਕੇਅਰ ਸੰਕਟ ਦੀ ਗੱਲ ਤਰਜੀਹੀ ਤੌਰ ਉੱਤੇ ਕੀਤੀ ਗਈ। ਪਰ ਇਸ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਕਿ ਸਰਕਾਰ ਇਸ ਸੰਕਟ ਨਾਲ ਕਿਸ ਤਰ੍ਹਾਂ ਨਜਿੱਠੇਗੀ।

ਭਾਸ਼ਣ ਵਿੱਚ ਇਹ ਵੀ ਆਖਿਆ ਗਿਆ ਕਿ ਓਨਟਾਰੀਓ ਦੇ ਹੈਲਥ ਸਿਸਟਮ ਉੱਤੇ ਲਗਾਤਾਰ ਦਬਾਅ ਵੱਧ ਰਿਹਾ ਹੈ। ਲੋੜੋਂ ਵੱਧ ਕੰਮ ਕਰਨ ਕਾਰਨ ਵਰਕਫੋਰਸ ਹੰਭ ਚੁੱਕੀ ਹੈ ਤੇ ਐਮਰਜੰਸੀ ਡਿਪਾਰਟਮੈਂਟਸ ਉੱਤੇ ਬੋਝ ਵੱਧਦਾ ਜਾ ਰਿਹਾ ਹੈ। ਅਜੇ ਵੀ ਬਹੁਤ ਕੁੱਝ ਕੀਤਾ ਜਾ ਸਕਦਾ ਹੈ। ਸਰਕਾਰ ਇਸ ਸਮੱਸਿਆ ਦਾ ਤੋੜ ਲੱਭਣ ਲਈ ਹੈਲਥ ਸਿਸਟਮ ਪਾਰਟਨਰਜ਼ ਨਾਲ ਰਲ ਕੇ ਕੰਮ ਕਰ ਰਹੀ ਹੈ ਤੇ ਇਸ ਦਬਾਅ ਨੂੰ ਘੱਟ ਕਰਨ ਲਈ ਜਿਹੜੇ ਵੀ ਕਦਮ ਚੁੱਕਣੇ ਪੈਣਗੇ ਫੋਰਡ ਸਰਕਾਰ ਉਹ ਚੁੱਕੇਗੀ।

ਇਸ ਭਾਸ਼ਣ ਵਿੱਚ ਸਰਕਾਰ ਵੱਲੋਂ ਮੁੜ ਪੇਸ਼ ਕੀਤੇ ਗਏ ਬਜਟ ਉੱਤੇ ਵੀ ਚਾਨਣਾ ਪਾਇਆ ਗਿਆ। ਇਸ ਵਿੱਚ ਮਾਪਿਆਂ ਨੂੰ ਸਿੱਧੀ ਰਕਮ ਮੁਹੱਈਆਂ ਕਰਵਾਉਣ ਦੀ ਵੀ ਗੱਲ ਕੀਤੀ ਗਈ। ਇਸ ਵਾਸਤੇ ਦੋ ਸਾਲਾਂ ਵਿੱਚ ਸਰਕਾਰ ਵੱਲੋਂ 225 ਮਿਲੀਅਨ ਡਾਲਰ ਖਰਚ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਨਾਲ ਬਹੁਤਾ ਪੈਸਾ ਸਿੱਧੇ ਤੌਰ ਉੱਤੇ ਮਾਪਿਆਂ ਦੀ ਜੇਬ੍ਹ ਵਿੱਚ ਜਾਵੇਗਾ ਤੇ ਪਬਲਿਕ ਐਜੂਕੇਸ਼ਨ ਲਈ ਪ੍ਰੋਵਿੰਸ ਵੱਲੋਂ ਨਿਵੇਸ਼ ਕੀਤੇ ਜਾਣ ਵਾਲੇ 26.6 ਬਿਲੀਅਨ ਡਾਲਰ ਵਿੱਚੋਂ ਇਹ ਖਰਚਾ ਸੱਭ ਤੋਂ ਪਹਿਲਾਂ ਕੀਤਾ ਜਾਵੇਗਾ।

ਰਾਜ ਭਾਸ਼ਣ ਵਿੱਚ ਰਹਿਣ ਸਹਿਣ ਦੀ ਵੱਧ ਰਹੀ ਲਾਗਤ ਤੇ ਮਹਿੰਗਾਈ ਦੀ ਗੱਲ ਵੀ ਕੀਤੀ ਗਈ। ਲੋਕਾਂ ਨੂੰ ਹੁਣ ਰੋਜ਼ਮਰਾ ਦਾ ਸਮਾਨ ਖਰੀਦਣ ਜਿਵੇਂ ਕਿ ਗਰੋਸਰੀ ਅਤੇ ਗੈਸ ਆਦਿ ਉੱਤੇ ਵੀ ਵੱਧ ਖਰਚਾ ਕਰਨਾ ਪੈ ਰਿਹਾ ਹੈ ਜਿਸ ਨਾਲ ਘਰਾਂ ਦੇ ਬਜਟ ਹਿੱਲ ਗਏ ਹਨ। ਪਰ ਇਸ ਬਾਰੇ ਸਰਕਾਰ ਨੇ ਆਖਿਆ ਕਿ ਇਸ ਵੱਧ ਰਹੀ ਮਹਿੰਗਾਈ ਦਾ ਕੋਈ ਸੁਖਾਲਾ ਹੱਲ ਹਾਲ ਦੀ ਘੜੀ ਨਜ਼ਰ ਨਹੀਂ ਆਉਂਦਾ।

ਸਰਕਾਰ ਨੇ ਅਗਲੇ ਦਸ ਸਾਲਾਂ ਵਿੱਚ ਸੜਕਾਂ ਚੌੜੀਆਂ ਕਰਨ, ਹਾਈਵੇਅਜ਼ ਤੇ ਟਰਾਂਜ਼ਿਟ ਇਨਫਰਾਸਟ੍ਰਕਚਰ ਦੇ ਨਿਰਮਾਣ ਉੱਤੇ 86•6 ਬਿਲੀਅਨ ਡਾਲਰ ਖਰਚਣ ਦਾ ਤਹੱਈਆ ਵੀ ਪ੍ਰਗਟਾਇਆ। ਇਸ ਦੇ ਨਾਲ ਹੀ ਸਰਕਾਰ ਨੇ ਤਥਾ-ਕਥਿਤ ਸਟਰੌਂਗ ਮੇਅਰ ਸਿਸਟਮ ਲਿਆਉਣ ਦੀ ਗੱਲ ਵੀ ਕੀਤੀ।

## ਕਿਊਈਡਬਲਿਊ ਉੱਤੇ ਟਰੈਕਟਰ ਟਰੇਲਰ ਪਲਟਿਆ

ਓਕਵਿੱਲ, 11 ਅਗਸਤ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਓਕਵਿੱਲ ਵਿੱਚ ਕਿਊਈਡਬਲਿਊ ਉੱਤੇ ਇੱਕ ਟਰੈਕਟਰ ਟਰੇਲਰ ਦੇ ਪਲਟ ਜਾਣ ਨਾਲ ਆਵਾਜਾਈ ਵਿੱਚ ਕਾਫੀ ਵਿਘਣ ਪੈ ਗਿਆ।

ਸਵੇਰੇ 5:00 ਵਜੇ ਚਿਕਣ ਲਿਜਾ ਰਹੇ ਟਰਾਂਸਪੋਰਟ ਟਰੱਕ ਦੇ ਹਾਈਵੇਅ ਦੀ ਪੱਛਮ ਵੱਲ ਜਾਣ ਵਾਲੀ ਤੀਜੀ ਲੇਨ ਉੱਤੇ ਪਲਟ ਜਾਣ ਕਾਰਨ ਪੱਛਮ ਵਾਲੀਆਂ ਸਾਰੀਆਂ ਲੇਨਜ਼ ਬੰਦ ਹੋ ਗਈਆਂ। ਇਸ ਸਮੇਂ ਟਰੈਫਿਕ ਬਹੁਤ ਹੀ ਮੱਠੀ ਚਾਲੇ ਚੱਲ ਰਿਹਾ ਹੈ। ਇਸ ਹਾਦਸੇ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।



## ਗੋਲੀ ਮਾਰ ਕੇ ਇੱਕ ਵਿਅਕਤੀ ਨੂੰ ਜ਼ਖ਼ਮੀ ਕਰਨ ਵਾਲਾ ਬਾਈਸਾਈਕਲ ਉੱਤੇ ਫਰਾਰ




ਟੋਰਾਂਟੋ, 11 ਅਗਸਤ (ਪੋਸਟ ਬਿਊਰੋ) : ਟ੍ਰਿਨਿਟੀ ਬੈਲਵੁੱਡਜ਼ ਪਾਰਕ ਵਿੱਚ ਬੇਸਬਾਲ ਡਾਇਮੰਡ ਲਾਗੇ ਇੱਕ ਵਿਅਕਤੀ ਨੂੰ ਗੋਲੀ ਮਾਰਨ ਵਾਲੇ ਮਸ਼ਕੂਕ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਮੰਗਲਵਾਰ ਨੂੰ ਸਵੇਰੇ 11:30 ਵਜੇ ਪੁਲਿਸ ਤੇ ਪੈਰਾਮੈਡਿਕਸ ਨੂੰ ਹਾਦਸੇ ਦੀ ਜਾਣਕਾਰੀ ਦੇ ਕੇ ਪਾਰਕ ਵਿੱਚ ਸੱਦਿਆ ਗਿਆ। ਮੌਕੇ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਸੰਭਾਵੀ ਮਸ਼ਕੂਕ ਨੂੰ ਬਾਈਸਾਈਕਲ ਉੱਤੇ ਜਾਂਦਿਆਂ ਵੇਖਿਆ ਗਿਆ। ਇਸ ਸਬੰਧ ਵਿੱਚ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

## ਦੋ ਗੱਡੀਆਂ ਦੀ ਟੱਕਰ ਵਿੱਚ 1 ਹਲਾਕ 1 ਜ਼ਖ਼ਮੀ

ਓਨਟਾਰੀਓ, 11 ਅਗਸਤ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਬਾਥਰਸਟ ਸਟਰੀਟ ਤੇ ਸਟੀਲਜ਼ ਐਵਨਿਊ ਉੱਤੇ ਵਾਪਰੇ ਖਤਰਨਾਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇੱਕ ਹੋਰ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ।




ਸਵੇਰੇ 5:30 ਵਜੇ ਇੰਟਰਸੈਕਸ਼ਨ ਦੇ ਨੌਰਥਈਸਟ ਕੌਰਨਰ ਉੱਤੇ ਦੋ ਗੱਡੀਆਂ ਆਪਸ ਵਿੱਚ ਟਕਰਾ ਗਈਆਂ। ਪੁਲਿਸ ਨੇ ਦੱਸਿਆ ਕਿ ਦੋ ਵਿਅਕਤੀਆਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਦੂਜਾ ਵਿਅਕਤੀ ਹਸਪਤਾਲ ਵਿੱਚ ਨਾਜ਼ੁਕ ਹਾਲਤ ਵਿੱਚ ਜ਼ੇਰੇ ਇਲਾਜ ਹੈ। ਬਾਥਰਸਟ ਤੇ ਸਟੀਲਜ਼ ਇੰਟਰਸੈਕਸ਼ਨ ਨੂੰ ਸਾਰੇ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ ਹੈ। ਮੋਟਰਿਸਟਸ ਨੂੰ ਇਸ ਇਲਾਕੇ ਵਿੱਚ ਨਾ ਜਾਣ ਦੀ ਸਲਾਹ ਦਿੱਤੀ ਜਾ ਰਹੀ ਹੈ।

## ਮਾਉਟਨਐਸ਼ ਸੀਨੀਅਰ ਕਲੱਬ ਵਲੋਂ ਮਨਾਇਆ ਗਿਆ ਕੈਨੇਡਾ ਡੇ





ਬਰੈਂਪਟਨ, 11 ਅਗਸਤ (ਪੋਸਟ ਬਿਊਰੋ): ਮਾਉਟਨਐਸ਼ ਸੀਨੀਅਰ ਕਲੱਬ, ਜਿਸ ਦੇ 100 ਦੇ ਕਰੀਬ ਮੈਂਬਰ ਹਨ, ਵਲੋਂ ਆਪਣੇ ਇਲਾਕੇ ਵਿਚ ਪ੍ਰਧਾਨ ਸੁਰਜੀਤ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਕੈਨੇਡਾ ਡੇ ਮਨਾਇਆ ਗਿਆ। ਇਸ ਕੈਨੇਡਾ ਡੇ ਦੇ ਜਸ਼ਨਾਂ ਵਿਚ ਜਿੱਥੇ ਵੱਖ-ਵੱਖ ਸਿਆਸਤਦਾਨਾਂ ਨੇ ਭਾਗ ਲਿਆ, ਉਥੇ ਹੀ ਬੱਚਿਆਂ ਅਤੇ ਔਰਤਾਂ ਦੇ ਮਨੋਰੰਜਨ ਦੇ ਵੀ ਪ੍ਰਬੰਧ ਕੀਤੇ ਗਏ। ਬੱਚਿਆਂ ਲਈ ਵੱਖ ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਗਏ, ਇਸ ਦੇ ਨਾਲ ਹੀ ਔਰਤਾਂ ਲਈ ਮਿਊਜ਼ੀਕਲ ਚੇਅਰ ਕਰਵਾਈ ਗਈ। ਆਸਪਾਸ ਦੇ ਇਲਾਕੇ ਦੇ 200 ਦੇ ਕਰੀਬ ਮੈਂਬਰਾਂ ਨੇ ਇਸ ਕੈਨੇਡਾ ਡੇ ਦੇ ਜਸ਼ਨਾਂ ਵਿਚ ਸ਼ਿਰਕਤ ਕੀਤੀ ਅਤੇ ਚਾਹ ਪਾਰਟੀ ਦਾ ਖੂਬ ਆਨੰਦ ਮਾਣਿਆ। ਮੁੱਖ ਮਹਿਮਾਨਾਂ ਵਿਚ ਸ਼ਾਮਲ ਮੈਂਬਰ ਪਾਰਲੀਮੈਂਟ ਕਮਲ ਖਹਿਰਾ, ਮੇਅਰ ਪੈਟ੍ਰਿਕ ਬ੍ਰਾਊਨ, ਐਮਪੀਪੀ ਹਰਦੀਪ ਗਰੇਵਾਲ, ਰੀਜਨਲ ਕੌਂਸਲਰ ਗੁਰਪ੍ਰੀਤ ਢਿੱਲੋਂ, ਕੌਂਸਲਰ ਹਰਕੀਰਤ ਸਿੰਘ ਅਤੇ ਸਕੂਲ ਟਰੱਸਟੀ ਲਈ ਉਮੀਦਵਾਰ ਸਤਪਾਲ ਜੌਹਲ ਨੇ ਸ਼ਿਰਕਤ ਕੀਤੀ ਅਤੇ ਆਏ ਮਹਿਮਾਨਾਂ ਨੂੰ ਸੰਬੋਧਨ ਕੀਤਾ।

## ਮਹਾਰਾਸ਼ਟਰ ਵਿੱਚ ਨੋਟਾਂ ਦੇ ਢੇਰ: 56 ਕਰੋੜ ਨਕਦੀ ਅਤੇ 32 ਕਿੱਲੋ ਸੋਨਾ ਬਰਾਮਦ

ਮੁੰਬਈ, 11 ਅਗਸਤ, (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਜਾਲਨਾ ਵਿੱਚ ਆਮਦਨ ਟੈਕਸ ਵਿਭਾਗ ਨੇ ਕੁਝ ਕਾਰੋਬਾਰੀ ਗਰੁੱਪਾਂ ਦੇ ਟਿਕਾਣਿਆਂ ਉੱਤੇ ਛਾਪੇ ਮਾਰਕੇ 390 ਕਰੋੜ ਰੁਪਏ ਦੀ ਬੇਨਾਮੀ ਜਾਇਦਾਦ ਲੱਭੀ ਅਤੇ ਕਰੀਬ 56 ਕਰੋੜ ਰੁਪਏ ਦੀ ਨਕਦੀ, 32 ਕਿੱਲੋ ਸੋਨਾ, 14 ਕਰੋੜ ਰੁਪਏ ਦੇ ਹੀਰਿਆਂ ਦੇ ਗਹਿਣੇ ਤੇ ਜਾਇਦਾਦ ਦੇ ਕਾਗਜ਼ਬਰਾਮਦ ਕੀਤੇ ਹਨ। ਅਧਿਕਾਰੀਆਂ ਨੇ ਕੁਝ ਦਸਤਾਵੇਜ਼ ਅਤੇ ਡਿਜੀਟਲ ਰਿਕਾਰਡ ਵੀ ਕਬਜ਼ੇ ਵਿੱਚ ਲਏ ਹਨ।





ਮਿਲੀ ਜਾਣਕਾਰੀ ਮੁਤਾਬਕ ਸਟੀਲ, ਕੱਪੜੇ ਅਤੇ ਰਿਅਲ ਅਸਟੇਟ ਦੇ ਦੋ ਗਰੁੱਪਾਂਦੇ ਰਿਹਾਇਸ਼ੀ ਅਤੇ ਕਾਰੋਬਾਰੀ ਕੰਪਲੈਕਸਾਂ ਵਿੱਚ 1 ਤੋਂ 8 ਅਗਸਤ ਦੌਰਾਨ ਛਾਪੇ ਵਿੱਚ ਜ਼ਬਤ ਕੀਤੀ ਨਕਦੀ ਨੂੰ ਗਿਣਨ ਵਿੱਚ 12 ਘੰਟੇ ਤੋਂ ਵੱਧ ਲੱਗੇ। ਇਨ੍ਹਾਂ ਕਾਰੋਬਾਰੀ ਗਰੁੱਪਾਂ ਦੀ ਟੈਕਸ ਚੋਰੀ ਦੀਸੂਹ ਉੱਤੇ ਆਮਦਨ ਟੈਕਸ ਵਿਭਾਗ ਨੇ ਛਾਪੇ ਲਈ 260 ਅਧਿਕਾਰੀਆਂ ਦੀਆਂ 5 ਟੀਮਾਂ ਬਣਾਈਆਂ ਅਤੇ 120 ਤੋਂ ਵੱਧ ਗੱਡੀਆਂ ਦੀ ਵਰਤੋਂ ਹੈਰਾਨੀ ਵਾਲੇ ਢੰਗ ਨਾਲ ਕੀਤੀ। ਟੈਕਸ ਵਿਭਾਗ ਦੀ ਟੀਮ ਨੇ ਛਾਪਾ ਗੁਪਤ ਰੱਖਣ ਲਈ ਇਸ ਮੌਕੇ ਆਪਣੀਆਂ ਗੱਡੀਆਂ ਉੱਤੇ 'ਦੁਲਹਨ ਹਮ ਲੇ ਜਾਏਂਗੇ' ਵਾਲੇ ਸਟਿਕਰ ਲਾ ਰੱਖੇ ਸਨ, ਜਿਸ ਤੋਂ ਇਹ ਲੱਗਦਾ ਸੀ ਕਿ ਇਹ ਗੱਡੀਆਂ ਕਿਸੇ ਵਿਆਹ ਵਾਲੇ ਸਮਾਗਮ ਵਿੱਚ ਜਾ ਰਹੀਆਂ ਹਨ।



TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ



Call for Professional Advice
905.247.0193
info@grovercpa.ca

GroVerCPA
Professional Corporation


214-7895 Tranmere Drive, Mississauga ON L5S 1V9

## ਅੱਜ ਨਾਮਾ >>

ਲੱਗਿਆ ਵਧਣ ਕੋਰੋਨਾ ਤਾਂ ਫਿਕਰ ਹੋਇਆ,
ਮਾਸਕ ਪਾਉਣ ਲਈ ਕਿਹਾ ਸਰਕਾਰ ਬੇਲੀ।
ਆਖਿਆ ਪਾਉ ਮਾਸਕ ਦਫਤਰ ਜਾਣ ਵੇਲੇ,
ਪਾ ਲਿਆ ਕਰਿਉ ਜੇ ਜਾਉ ਬਾਜ਼ਾਰ ਬੇਲੀ।
ਫੜਿਆ ਹੱਥ ਮੋਬਾਈਲ ਨਹੀਂ ਤੰਗ ਕਰਦਾ,
ਹੁੰਦਾ ਮਾਸਕ ਦਾ ਬਹੁਤਾ ਨਹੀਂ ਭਾਰ ਬੇਲੀ।
ਮਾਰਨਾ ਰੋਗ ਨੇ ਕਿੱਧਰ ਵੱਲ ਕਦੋਂ ਝਪਟਾ,
ਇਹਦੀ ਲਿਸਟ ਨਹੀਂ ਕੋਈ ਤਿਆਰ ਬੇਲੀ।
ਕਰੀ ਹਦਾਇਤ ਆ ਦਿੱਲੀ ਸਰਕਾਰ ਹਾਲੇ,
ਦਿੱਲੀਉਂ ਬਹੁਤਾ ਨਹੀਂ ਦੂਰ ਪੰਜਾਬ ਬੇਲੀ।
ਲਾਪਰਵਾਹੀ ਨਹੀਂ ਕਦੇ ਵੀ ਕੋਈ ਕਰਿਓ,
ਮੰਨਿਊ ਅਰਜ਼ ਸਭ ਮਿੱਤਰ ਜਨਾਬ ਬੇਲੀ।

**ਤੀਸ ਮਾਰ ਖਾਂ**

## ਲੜਕੀਆਂ ਬਾਰੇ ਵਿਵਾਦਤ ਬਿਆਨ ਦੇ ਕੇ ਸ਼ਕਤੀਮਾਨ ਐਕਟਰ ਮੁਕੇਸ਼ ਖੰਨਾ ਫਸੇ



ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਐਕਟਰ ਮੁਕੇਸ਼ ਖੰਨਾ ਇੱਕ ਵਾਰ ਫਿਰ ਲੋਕਾਂ ਦੇ ਨਿਸ਼ਾਨੇ ਉੱਤੇ ਆ ਗਏ ਹਨ। ਉਨ੍ਹਾਂ ਵੱਲੋਂ ਲੜਕੀਆਂ ਬਾਰੇ ਦਿੱਤੇ ਵਿਵਾਦਤ ਬਿਆਨ ਪਿੱਛੋਂ ਦਿੱਲੀ ਮਹਿਲਾ ਕਮਿਸ਼ਨ ਨੇ ਨੋਟਿਸ ਲੈਂਦੇ ਹੋਏ ਦਿੱਲੀ ਪੁਲਸ ਤੋਂ ਉਨ੍ਹਾਂ ਉੱਤੇ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਸਵਾਤੀ ਮਾਲੀਵਾਲ ਨੇ ਕਿਹਾ, ਸ਼ਕਤੀਮਾਨ ਐਕਟਰ ਦਾ ਵੀਡੀਓ ਵਾਇਰਲ ਹੋ ਰਿਹਾ ਹੈ। ਉਨ੍ਹਾਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਇੱਕ ਆਦਮੀ ਸ਼ਕਤੀਮਾਨ ਤਦ ਬਣਦਾ ਹੈ, ਜਦ ਔਰਤਾਂ ਦੀ ਇੱਜ਼ਤ ਕਰਨੀ ਸਿੱਖੇ। ਟੀ ਵੀ ਉੱਤੇ ਉਡਣ ਨਾਲ ਕੋਈ ਇਨਸਾਨ ਸ਼ਕਤੀਮਾਨ ਨਹੀਂ ਬਣਦਾ, ਮੈਂ ਦਿੱਲੀ ਪੁਲਸ ਨੂੰ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ ਮੈਂ ਕੇਸ ਦਰਜ ਕਰ ਕੇ ਸਖਤ ਕਾਰਵਾਈ ਕਰਨ ਦੀ ਮੰਗ ਉਠਾਈ ਹੈ।

ਅਸਲ ਵਿੱਚ ਮੁਕੇਸ਼ ਖੰਨਾ ਦੇ ਵਾਇਰਲ ਵੀਡੀਓ ਵਿੱਚ ਉਹ ਕਹਿ ਰਹੇ ਹਨ ਕਿ ਕੋਈ ਲੜਕੀ ਜੇ ਕਿਸੇ ਲੜਕੇ ਨੂੰ ਜਿਨਸੀ ਸੰਬੰਧ ਬਣਾਉਣ ਨੂੰ ਕਹੇ ਤਾਂ ਉਹ ਲੜਕੀ, ਲੜਕੀ ਨਹੀਂ, ਵੇਸਵਾ ਹੈ, ਕਿਉਂਕਿ ਏਦਾਂ ਦੀਆਂ ਬੇਸ਼ਰਮੀ ਵਾਲੀਆਂ ਗੱਲਾਂ ਕੋਈ ਸਭਿਅਕ ਸਮਾਜ ਦੀ ਲੜਕੀ ਕਦੇ ਨਹੀਂ ਕਰੇਗੀ। ਜੇ ਕਰਦੀ ਹੈ ਤਾਂ ਉਹ ਸੱਭਿਅਕ ਸਮਾਜ ਦੀ ਨਹੀਂ ਹੈ। ਉਹ ਉਸ ਦਾ ਧੰਦਾ ਹੈ, ਤੁਸੀਂ ਉਸ ਵਿੱਚ ਹਿੱਸੇਦਾਰ ਨਾ ਬਣੋ। ਇਸ ਲਈ ਕਹਿੰਦਾ ਹਾਂ ਕਿ ਅਜਿਹੀਆਂ ਲੜਕੀਆਂ ਤੋਂ ਬਚੋ।

## ਇੰਦਰਾ ਗਾਂਧੀ ਨਹਿਰ ਵਿੱਚ ਗੰਦੇ ਪਾਣੀ ਬਾਰੇ ਗਹਿਲੋਤ ਵੱਲੋਂ ਭਗਵੰਤ ਮਾਨ ਨਾਲ ਗੱਲਬਾਤ



ਜੈਪੁਰ, 11 ਅਗਸਤ (ਪੋਸਟ ਬਿਊਰੋ)- ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕੱਲ੍ਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲ ਕਰਕੇ ਇੰਦਰਾ ਗਾਂਧੀ ਨਹਿਰ ਵਿੱਚ ਪੰਜਾਬ ਤੋਂ ਸੁੱਟੇ ਜਾਂਦੇ ਗੰਦੇ ਪਾਣੀ ਦਾ ਮੁੱਦਾ ਉਠਾਇਆ ਹੈ। ਦੋਵਾਂ ਆਗੂਆਂ ਨੇ ਸਰਹਿੰਦ ਫੀਡਰ ਨਹਿਰ ਦੀ ਮੁਰੰਮਤ ਦੇ ਕੰਮ ਉੱਤੇ ਵੀ ਚਰਚਾ ਕੀਤੀ।

ਗਹਿਲੋਤ ਨੇ ਟਵੀਟ ਕਰ ਕੇ ਕਿਹਾ ਕਿ ਮੈਂ ਪੰਜਾਬ ਦੇ ਬੁੱਢੇ ਨਾਲੇ ਤੋਂ ਇੰਦਰਾ ਗਾਂਧੀ ਨਹਿਰ ਵਿੱ-ਚੜਿੱਗਦੇ ਗੰਦੇ ਪਾਣੀ ਦੇ ਮਸਲੇ ਦੇ ਹੱਲ ਤੇ ਸਰਹਿੰਦ ਫੀਡਰ ਦੀ ਮੁਰੰਮਤ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਮੈਨੂੰ ਭਰੋਸਾ ਦਿੱਤਾ ਹੈ ਕਿ ਗੰਦੇ ਪਾਣੀ ਦੀ ਨਿਕਾਸੀ ਦਾ ਕੰਮ ਪਹਿਲ ਦੇ ਆਧਾਰ ਉੱਤੇ ਕੀਤਾ ਜਾਵੇਗਾ ਤੇ ਅਗਲੀ ਨਹਿਰਬੰਦੀ ਦੌਰਾਨ ਨਹਿਰ ਦੀ ਮੁਰੰਮਤ ਦਾ ਕੰਮ ਕਰ ਲਿਆ ਜਾਵੇਗਾ।

ਵਰਨਣ ਯੋਗ ਹੈ ਕਿ ਰਾਜਸਥਾਨ ਨੇ ਪੰਜਾਬ ਤੇ ਹਰਿਆਣਾ ਨਾਲ ਦੀਆਂ ਆਪਣੀਆਂ ਸਰਹੱਦਾਂ ਉੱਤੇ ਅਸਲ ਜਲ ਗੁਣਵੱਤਾ ਨਿਗਰਾਨੀ ਪ੍ਰਣਾਲੀ ਬਣਾਈ ਹੈ। ਗਹਿਲੋਤ ਨੇ ਕਿਹਾ ਕਿ ਰਾਜਸਥਾਨ ਸਰਕਾਰ ਵੱਲੋਂ ਪਿਛਲੇ ਤਿੰਨ ਸਾਲ ਵਿੱਚ ਨਹਿਰਬੰਦੀ ਦੌਰਾਨ ਇੰਦਰਾ ਗਾਂਧੀ ਨਹਿਰ ਦੇ ਕਰੀਬ 106 ਕਿਲੋਮੀਟਰ ਹਿੱਸੇ ਦੀ ਮੁਰੰਮਤ ਦਾ ਕੰਮ ਹੋ ਚੁੱਕਾ ਹੈ। ਇਸ ਨਾਲ ਪਾਣੀ ਦੀ ਗੁਣਵੱਤਾ ਤੇ ਮਾਤਰਾ ਵਿੱਚ ਸੁਧਾਰ ਆਇਆ ਹੈ ਅਤੇ ਪਾਣੀ ਦੀ ਬਿਹਤਰ ਸਪਲਾਈ ਯਕੀਨੀ ਬਣੀ ਹੈ।

## ਘਰ ਜਾਣ ਲਈ ਬੱਸ ਚੋਰੀ ਕਰ ਲਈ

ਅਮਰਾਵਤੀ, 11 ਅਗਸਤ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਦੇ ਵਿਜੈਨਗਰਮ ਜ਼ਿਲ੍ਹੇ ਵਿੱਚ ਅਜੀਬ ਮਾਮਲਾ ਹੋਇਆ ਹੈ। ਇੱਕ ਵਿਅਕਤੀ ਨੂੰ ਦੇਰ ਰਾਤ ਘਰ ਜਾਣ ਲਈ ਕੋਈ ਸਾਧਨ ਨਾ ਮਿਲਿਆ ਤਾਂ ਉਸ ਨੇ ਸਰਕਾਰੀ ਬੱਸਚੋਰੀ ਕਰ ਲਈ ਅਤੇ ਇਸ ਦੇ ਬਾਅਦ ਪੁਲਸ ਇਸ ਦੀ ਜਾਂਚ ਕਰ ਰਹੀ ਹੈ।

ਪੁਲਸ ਨੇ ਦੱਸਿਆ ਕਿ ਡਰਾਈਵਰ ਨੇ ਕੱਲ੍ਹ ਰਾਤ ਵੰਗਾਰਾ ਮੰਡਲ ਹੈਡਕੁਆਰਟਰ ਵਿੱਚਬੱਸਪਾਰਕ ਕੀਤੀਅਤੇ ਉਹ ਆਪਣੇ ਘਰ ਸੌਣ ਲਈ ਚਲਾ ਗਿਆ। ਅਗਲੇ ਦਿਨ ਸਵੇਰੇ ਬੱਸ ਗਾਇਬ ਮਿਲੀ ਤਾਂ ਉਸਨੇ ਥਾਣੇ ਸ਼ਿਕਾਇਤ ਦਰਜ ਕਰਵਾਈ।ਕਈ ਘੰਟਿਆਂ ਪਿੱਛੋਂਪਤਾ ਲੱਗਾ ਕਿ ਬੱਸ ਰੇਜੀਡੀ ਅਮਾਡਵਾਲਾਸਾ ਬਲਾਕ ਦੇ ਮੀਸਾਲਾ ਦੋਲਾਪੇਟਾ ਵਿੱਚ ਖੜ੍ਹੀ ਹੈ। ਉਥੇ ਪਹੁੰਚ ਕੇ ਪੁਲਸ ਨੇ ਬੱਸ ਨੂੰ ਬਰਾਮਦ ਕਰ ਲਿਆ ਅਤੇ ਕੁਝ ਸ਼ੱਕੀਆਂ ਨੂੰ ਘੇਰ ਲਿਆ। ਪੁੱਛਗਿੱਛ ਦੌਰਾਨ ਸੁਰੇਸ਼ ਨੇ ਮੰਨਿਆ ਕਿ ਉਸ ਨੇ ਬੱਸ ਚੋਰੀ ਕੀਤੀ ਸੀ। ਉਸ ਨੇ ਪੁਲਸ ਨੂੰ ਦੱਸਿਆ ਕਿ ਰਾਜਮ ਤੋਂ ਦੂਸਰੀ ਬੱਸ ਰਾਹੀਂ ਵੰਗਾਰਾ ਆਇਆ ਸੀ। ਇੱਥੇ ਪੁੱਜਣ ਵਿੱਚ ਉਸ ਨੂੰ ਰਾਤ ਹੋ ਗਈ। ਉਹ ਬਹੁਤ ਦੇਰ ਤਕ ਖੜ੍ਹਾ ਰਿਹਾ ਪਰ ਉਸ ਨੂੰ ਆਪਣੇ ਪਿੰਡ ਪਹੁੰਚਣ ਲਈ ਕੋਈ ਸਾਧਨ ਨਹੀਂ ਮਿ-ਲਿਆ। ਉਸ ਨੇ ਉਥੇ ਖੜੀ ਇੱਕ ਬੱਸ ਦੇਖੀ ਤਾਂ ਸਟਾਰਟ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਸਟਾਰਟ ਹੋ ਗਈ। ਉਸ ਨੂੰ ਲੈ ਕੇ ਉਹ ਆਪਣੇ ਪਿੰਡ ਆ ਗਿਆ। ਉਹ ਸ਼ਰਾਬ ਦੇ ਨਸ਼ੇ ਵਿੱਚ ਸੀ, ਇਸ ਲਈ ਉਸ ਨੂੰ ਕੁਝ ਸਮਝ ਨਹੀਂ ਆਇਆ ਕਿ ਉਹ ਚੋਰੀ ਕਰ ਰਿਹਾ ਹੈ।

## ਰੈੱਡ ਵਿੱਲੋ ਕਲੱਬ ਬਰੈਂਪਟਨ ਵਲੋਂ ਤੀਆਂ ਦਾ ਮੇਲਾ





ਬਰੈਂਪਟਨ (ਹਰਜੀਤ ਬੇਦੀ): ਰੈੱਡ ਵਿੱਲੋ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਬੀਤੇ ਵੀਕ-ਐਂਡ ਤੇ ਰੈੱਡ ਵਿੱਲੋ ਪਾਰਕ ਵਿੱਚ ਤੀਆਂ ਦਾ ਮੇਲਾ ਕਰਵ-ਾਇਆ ਗਿਆ। ਤੀਆਂ ਦੇ ਇਸ ਪਰੋ-ਗਰਾਮ ਨੂੰ ਸਫਲ ਬਣਾਉਣ ਲਈ ਮਹਿੰਦਰ ਕੌਰ ਪੱਡਾ, ਬੇਅੰਤ ਕੌਰ, ਬਲਜੀਤ ਕੌਰ ਗਰੇਵਾਲ, ਸੁਰਿੰਦਰ ਕੌਰ, ਹਰਵਿੰਦਰ ਕੌਰ ਅਤੇ ਪਰਮਜੀਤ ਕੌਰ ਨੇ ਮੁੱਖ ਭੂਮਿਕਾ ਨਿਭਾਈ।

ਰੈੱਡ ਵਿੱਲੋ ਪਾਰਕ ਬਰੈਂਪਟਨ ਵਿੱਚ ਤੀਆਂ ਦਾ ਇਹ ਪਰੋਗਰਾਮ ਬਾਰਾਂ ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਤੱਕ ਨਿਰਵਿਘਨ ਚਲਦਾ ਰਿਹਾ। ਇਸ ਪਰੋਗਰਾਮ ਵਿੱਚ ਛੋਟੀ ਉਮਰ ਦੀਆਂ ਬੱਚੀਆਂ ਤੋਂ ਲੈ ਕੇ ਬਜੁਰਗ ਔਰਤਾਂ ਨੇ ਆਨੰਦ ਮਾਣਿਆ। ਮਾਲਵੇ, ਮਾਝੇ ਤੇ ਦੁਆਬੇ ਦੀ ਬੋਲੀ ਦੇ ਰੰਗ ਵਿੱਚ ਰੰਗੇ ਬੋਲੀਆਂ ਤੇ ਗੀਤਾਂ ਅਤੇ ਗਿੱਧੇ ਦੀ ਧਮਕ ਨੇ ਇਸ ਪਰੋਗਰਾਮ ਨੂੰ ਲਗਾਤਾਰ ਮਨੋਰੰਜਕ ਬਣਾਈ ਰੱਖਿਆ। ਇਸ ਤੀਆਂ ਦੇ ਮੇਲੇ ਨੇ ਜਿੱਥੇ ਸੀਨੀਅਰ ਔਰਤਾਂ ਨੂੰ ਉਹਨਾਂ ਦੇ ਬਚਪਨ ਅਤੇ ਬੀਤੇ ਸਮੇ ਦੀਆਂ ਯਾਦਾਂ ਚੇਤੇ ਕਰਵਾਈਆਂ ਉੱਥੇ ਬੱਚੀਆਂ ਨੂੰ ਆਪਣੇ ਵਿਰਸੇ ਦੇ ਤਿਉਹਾਰਾਂ ਨਾਲ ਜੋੜਿਆ। ਗੀਤ ਬੋਲੀਆਂ ਅਤੇ ਗਿੱਧੇ ਦੇ ਨਾਲ ਨਾਲ ਖਾਣ-ਪੀਣ ਦਾ ਪਰੋਗਰਾਮ ਚਲਦਾ ਰਿਹਾ। ਭਾਵੇਂ ਤੀਆਂ ਵਾਲੇ ਰਵਾਇਤੀ ਖੀਰ ਪੂੜੇ ਨਹੀਂ ਸਨ ਪਰ ਸਮੋਸੇ, ਪਨੀਰ ਪਕੌੜਾ, ਸਪਰਿੰਗ ਰੋਲ, ਬਰਫੀ ਅਤੇ ਗਜਰੇਲਾ ਦੇ ਨਾਲ, ਰੂਹ ਅਫਜਾ, ਫਰੂਟੀ ਖੁਲ੍ਹੇ ਰੂਪ ਵਿੱਚ ਵਰਤਾਏ ਗਏ।

ਤੀਆਂ ਦੇ ਇਸ ਮੇਲੇ ਵਿੱਚ ਭਰਵੀਂ ਰੌਣਕ ਲੱਗੀ ਰਹੀ ਜਿਸ ਨੂੰ ਹੋਰ ਕਮਿਉਨਿਟੀਆਂ ਦੇ ਲੋਕਾਂ ਨੇ ਪਰਸੰਸਾ ਭਰੀਆਂ ਨਜ਼ਰਾਂ ਨਾਲ ਦੇਖਿਆ ਅਤੇ ਕਈਆਂ ਨੇ ਥੋੜੇ ਸਮੇਂ ਲਈ ਬੜੇ ਚਾਅ ਨਾਲ ਸ਼ਮੂਲੀਅਤ ਵੀ ਕੀਤੀ।ਖਾਣ-ਪੀਣ ਦੇ ਸਮਾਨ ਦਾ ਪਰਬੰਧ ਕਰਨ ਲਈ ਗੁਰਨਾਮ ਸਿੰਘ ਗਿੱਲ ਪਰਧਾਨ, ਮਾ: ਕੁਲਵੰਤ ਸਿੰਘ ਸਕੱਤਰ, ਜੋਗਿੰਦਰ ਸਿੰਘ ਪੱਡਾ ਅਤੇ ਸ਼ਿਵਦੇਵ ਸਿੰਘ ਰਾਏ ਨੇ ਸਹਿਯੋਗ ਦਿੱਤਾ। ਐਸੋਸੀਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਦੇ 13 ਅਗਸਤ 2022 ਦੇ ਸਾਂਝੇ ਪਰੋਗਰਾਮ ਤੋਂ ਬਾਦ ਰੈੱਡ ਵਿੱਲੋ ਕਲੱਬ ਵਲੋਂ ਹੋਰ ਪਰੋਗਰਾਮ ਉਲੀਕੇ ਜਾਣੇ ਹਨ ਤਾਂ ਜੋ ਸੀਨੀਅਰਜ਼ ਨੂੰ ਲਗਾਤਾਰ ਮਨੋਰੰਜਨ ਦੇ ਮੌਕੇ ਮਿਲਦੇ ਰਹਿਣ। ਪਰਬੰਧਕਾਂ ਵਲੋਂ ਸ਼ਾਮਲ ਹੋਣ ਵਾਲੀਆਂ ਸਾਰੀਆਂ ਬੀਬੀਆਂ ਦਾ ਧੰਨਵਾਦ ਕੀਤਾ ਜਿਹਨਾਂ ਦੇ ਸਹਿਯੋਗ ਸਦਕਾ ਇਹ ਪਰੋਗਰਾਮ ਬੜੀ ਸਫਲਤਾ ਨਾਲ ਸਿਰੇ ਚੜ੍ਹਿਆ। ਕਲੱਬ ਸਬੰਧੀ ਕਿਸੇ ਵੀ ਜਾਣਕਾਰੀ ਲਈ ਪਰਧਾਨ ਗੁਰਨਾਮ ਸਿੰਘ ਗਿੱਲ ਨਾਲ 416-908-1300 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੋਲਡ ਮੈਡਲ ਜੇਤੂ ਅੰਚਿਤਾ ਘਰ ਦੇ ਗੁਜ਼ਾਰੇ ਲਈ ਸਾੜ੍ਹੀਆਂ ਉਤੇ ਜ਼ਰੀ ਦਾ ਕੰਮ ਕਰਦਾ ਰਿਹੈ



ਕੋਲਕਾਤਾ, 11 ਅਗਸਤ (ਪੋਸਟ ਬਿਊਰੋ)- ਕਾਮਨਵੈੱਲਥ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਵਾਲੇ ਵੇਟ ਲਿਫਟਰ ਅੰਚਿਤਾ ਸ਼ਿਉਲੀ ਦੀ ਮਾਂ ਨੇ ਉਸ ਦੀਆਂ ਟਰਾਲੀਆਂ ਤੇ ਤਗਮਿਆਂ ਨੂੰ ਆਪਣੀ ਪਾਟੀ-ਪੁਰਾਣੀ ਸਾੜ੍ਹੀ ਵਿੱਚ ਲਪੇਟ ਕੇ ਦੋ ਕਮਰਿਆਂ ਦੇ ਘਰ ਵਿਚਲੇ ਇੱਕ-ਇੱਕੋ ਬੈਡ ਦੇ ਹੇਠਾਂ ਰੱਖਿਆ ਹੋਇਆ ਹੈ।

ਸ਼ਿਉਲੀ ਦਾ ਘਰ ਇੱਥੋਂ ਵੀਹ ਕਿਲੋਮੀਟਰ ਦੂਰ ਹਾਵੜਾ ਜ਼ਿਲ੍ਹੇ ਦੇ ਦੇਯੁਲਪੁਰ ਵਿੱਚ ਹੈ। ਜਦ ਇਹ ਵੇਟ ਲਿਫਟਰ ਕਾਮਨਵੈੱਲਥ ਖੇਡਾਂ ਤੋਂ 73 ਕਿਲੋ ਭਾਰ ਵਰਗ ਦਾ ਸੋਨ ਤਮਗਾ ਲੈ ਕੇ ਸੋਮਵਾਰ ਸਵੇਰੇ ਘਰ ਆਇਆ ਤਾਂ ਉਸ ਦੀ ਮਾਂ ਪੂਰਨਿਮਾ ਨੇ ਛੋਟੇ ਜਿਹੇ ਸਟੂਲ ਉੱਤੇ ਉਸਦੀਆਂ ਟਰਾਫੀਆਂ ਅਤੇ ਤਮਗੇ ਰੱਖੇ ਹੋਏ ਸਨ। ਉਸ ਦੀ ਮਾਂ ਨੇ ਆਪਣੇ ਛੋਟੇ ਬੇਟੇ ਨੂੰ ਅੰਚਿਤਾ ਦੇ ਅੱਜ ਤਕ ਜਿੱਤੇ ਤਮਗਿਆਂ ਅਤੇ ਟਰਾਫੀਆਂ ਨੂੰ ਰੱਖਣ ਲਈ ਇੱਕ ਅਲਮਾਰੀ ਖਰੀਦਣ ਨੂੰ ਕਿਹਾ ਹੈ।

ਪੂਰਨਿਮਾ ਨੇ ਕਿਹਾ, ''ਮੈਂ ਜਾਣਦੀ ਸੀ ਕਿ ਜਦ ਅੰਚਿਤਾ ਆਏਗਾ ਤਾਂ ਪੱਤਰਕਾਰ ਤੇ ਫੋਟੋਗਰਾਫਰ ਸਾਡੇ ਘਰ ਆ ਰਹੇ ਹੋਣਗੇ। ਇਸ ਲਈ ਮੈਂ ਇਹ ਤਮਗਾ ਅਤੇ ਟਰਾਫੀਆਂ ਇੱਕ ਸਟੂਲ ਉੱਤੇ ਸਜਾ ਦਿੱਤੀਆਂ ਤਾਂ ਕਿ ਸਮਝ ਸਕਣ ਕਿ ਮੇਰਾ ਬੇਟਾ ਕਿੰਨਾ ਪ੍ਰਤਿਭਾਸ਼ਾਲੀ ਹੈ। ਮੈਂ ਸੁਫਨੇ ਵਿੱਚ ਨਹੀਂ ਸੋਚਿਆ ਸੀ ਕਿ ਉਹ ਦੇਸ਼ ਲਈ ਸੋਨ ਤਮਗਾ ਜਿੱਤੇਗਾ।''

ਅੰਚਿਤਾ ਦਾ ਭਰਾ ਵੀ ਵੇਟ ਲਿਫਟਰ ਹੈ। ਉਨ੍ਹਾਂ ਦੀ ਮਾਂ ਨੇ ਕਿਹਾ ਕਿ ਉਸ ਦੇ ਬੇਟਿਆਂ ਨੂੰ ਸਾੜ੍ਹੀਆਂ ਉੱਤੇ ਜ਼ਰੀ ਦਾ ਕੰਮ ਕਰਨ ਦੇ ਨਾਲ ਸਮਾਨ ਚੜ੍ਹਾਉਣ ਤੇ ਉਤਾਰਨ ਦਾ ਵੀ ਕੰਮ ਕਰਨਾ ਪੈਂਦਾ ਸੀ। ਦੋਵਾਂ ਭਰਾਵਾਂ ਨੇ ਇੰਨੀਆਂ ਮੁਸ਼ਕਲਾਂ ਦੇ ਬਾਵਜੂਦ ਵੇਟ ਲਿਫਟਿੰਗ ਜਾਰੀ ਰੱਖੀ। ਉਨ੍ਹਾਂ ਦੀ ਮਾਂ ਨੇ ਕਿਹਾ, ''ਮੇਰੇ ਕੋਲ ਆਪਣੇ ਪੁੱਤਰਾਂ ਨੂੰ ਕੰਮ ਉੱਤੇ ਭੇਜਣ ਦੇ ਇਲਾਵਾ ਕੋਈ ਚਾਰਾ ਨਹੀਂ ਸੀ, ਵਰਨਾ ਸਾਡੇ ਲਈ ਜੀਊਂਦੇ ਰਹਿਣ ਹੀ ਮੁਸ਼ਕਲ ਹੋ ਗਿਆ ਹੁੰਦਾ।''

## ਮੈਡੀਕਲ ਆਧਾਰ ਉਤੇ ਵਰਵਰਾ ਰਾਓ ਦੀ ਜ਼ਮਾਨਤ



ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਭੀਮਾ ਕੋਰੇਗਾਉਂ ਕੇਸ ਵਿੱਚ ਪ੍ਰਮੁੱਖ ਕਵੀ ਅਤੇ ਮਨੁੱਖੀ ਅਧਿਕਾਰ ਕਾਰਕੁੰਨ ਪੀ ਵਰਵਰਾ ਰਾਓ ਨੂੰ ਮੈਡੀਕਲ ਆਧਾਰ ਉੱਤੇ ਕੱਲ੍ਹ ਜ਼ਮਾਨਤ ਦਿੱਤੀ ਹੈ।

ਜਸਟਿਸ ਯੂ ਯੂ ਲਲਿਤ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ 82 ਸਾਲਾ ਰਾਓ, ਜੋ ਇਸ ਸਮੇਂ ਖਰਾਬ ਸਿਹਤ ਦੇ ਆਧਾਰ ਉੱਤੇ ਅੰਤ੍ਰਿਮ ਜ਼ਮਾਨਤ ਉੱਤੇ ਹਨ, ਦੀ ਸਿਹਤ ਵਿੱਚ ਅਜੇ ਇੰਨਾ ਸੁਧਾਰ ਨਹੀਂ ਹੋਇਆ ਕਿ ਉਨ੍ਹਾਂ ਨੂੰ ਪਹਿਲਾਂ ਦਿੱਤੀ ਰਾਹਤ ਵਾਪਸ ਲੈਲਈ ਜਾਵੇ। ਅਦਾਲਤ ਨੇ ਇਹ ਵੀ ਕਿਹਾ ਕਿ ਭਾਵੇਂ ਕੇਸ ਦੀ ਚਾਰਜਸ਼ੀਟ ਦਾਖਲ ਕਰ ਦਿੱਤੀ ਗਈ ਹੈ, ਪਰ ਕੁਝ ਮੁਲਜ਼ਮ ਅਜੇ ਤਕ ਨਹੀਂ ਫੜੇ ਗਏ ਤੇ ਜਿਹੜੇ ਅਦਾਲਤ ਅੱਗੇ ਪੇਸ਼ ਕੀਤੇ ਹਨ, ਉਨ੍ਹਾਂ ਖਿਲਾਫ ਦੋਸ਼ ਲਾਗੂ ਕਰਨ ਦੀ ਕਾਰਵਾਈ ਵੀ ਸ਼ੁਰੂ ਨਹੀਂ ਹੋਈ ਤਾਂ ਉਹ ਵਰਵਰਾ ਰਾਓ ਮਗਰ ਕਿਉਂ ਲੱਗੇ ਹੋਏ ਹਨ। ਤੇਲਗੂ ਕਵੀ ਨੂੰ ਜ਼ਮਾਨਤ ਦਿੰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਉਹ ਗਰੇਟਰ ਮੁੰਬਈ ਦਾ ਇਲਾਕੇ ਦੀ ਅਦਾਲਤ ਦੀ ਇਜਾਜ਼ਤ ਬਿਨਾਂ ਬਾਹਰ ਕਿਤੇ ਨਹੀਂ ਜਾਣਗੇ ਅਤੇ ਕਿਸੇ ਵੀ ਤਰ੍ਹਾਂ ਨਾਲ ਰਿਹਾਈ ਦੀ ਦੁਰਵਰਤੋਂ ਨਹੀਂ ਕਰਨਗੇ।

ਵਰਣਨ ਯੋਗ ਹੈ ਕਿ ਵਰਵਰਾ ਰਾਓ ਨੂੰ 28 ਅਗਸਤ 2018 ਵਿੱਚ ਹੈਦਰਾਬਾਦ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਸੁਪਰੀਮ ਕੋਰਟ ਨੇ ਪਹਿਲਾਂ ਕਿਹਾ ਸੀ ਕਿ ਰਾਓ ਦੀ ਅੰਤ੍ਰਿਮ ਜ਼ਮਾਨਤ ਅਗਲੇ ਹੁਕਮਾਂ ਤਕ ਜਾਰੀ ਰਹੇਗੀ। ਇਹ ਕੇਸ 31 ਦਸੰਬਰ 2017 ਵਿੱਚ ਪੁਣੇ ਵਿੱਚ ਹੋਏ ਐਲਗਾਰ ਪ੍ਰੀਸ਼ਦ ਦੇ ਪ੍ਰੋਗਰਾਮ ਵਿੱਚ ਭੜਕਾਊ ਭਾਸ਼ਣ ਦੇਣ ਨਾਲ ਜੁੜਿਆ ਹੈ। ਪੁਣੇ ਪੁਲਸ ਦਾ ਦਾਅਵਾ ਹੈ ਕਿ ਭਾਸ਼ਣ ਕਾਰਨ ਅਗਲੇ ਦਿਨ ਭੀਮਾ ਕੋਰੇਗਾਉਂ ਵਿੱਚ ਹਿੰਸਾ ਫੈਲੀ ਸੀ ਅਤੇ ਪ੍ਰੋਗਰਾਮ ਦੇ ਪ੍ਰਬੰਧਕਾਂ ਦੇ ਮਾਓਵਾਦੀਆਂ ਨਾਲ ਸੰਬੰਧ ਹਨ। ਪਿੱਛੋਂ ਇਸ ਕੇਸ ਦੀ ਜਾਂਚ ਐਨ ਆਈ ਏ ਨੂੰ ਸੌਂਪ ਦਿੱਤੀ ਗਈ ਸੀ।

ਇਥੋਂ ਦੀ ਵਿਸ਼ੇਸ਼ ਅਦਾਲਤ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੂੰ ਐਲਗਾਰ ਪ੍ਰੀਸ਼ਦ ਨਾਲ ਸਬੰਧਤ ਕੇਸ ਦੇ ਮੁਲਜ਼ਮ ਵਕੀਲ ਸੁਰਿੰਦਰ ਗਾਡਲਿੰਗ ਦੇ ਬਿਆਨ ਦਰਜ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਕੌਮੀ ਜਾਂਚ ਏਜੰਸੀ (ਇਨਫੋਰਸਮੈਂਟ ਡਾਇਰੈਕਟੋਰੇਟ) ਦੇ ਕੇਸਾਂ ਲਈ ਵਿਸ਼ੇਸ਼ ਅਪਰਾਧ ਨਾਲ ਸਬੰਧਤ ਪ੍ਰਕਿਰਿਆ ਇਸ ਜਾਂਚ ਦਾ ਹਿੱਸਾ ਹੈ ਤੇ ਇਸ ਬਾਰੇ ਕੋਈ ਸ਼ਿਕਾਇਤ ਦਰਜ ਹੈ ਤਾਂ ਗਾਡਲਿੰਗ ਦੇ ਬਿਆਨ ਦਰਜ ਹੋ ਸਕਦੇ ਹਨ। ਸਾਲ 2018 ਵਿੱਚ ਐਲਗਾਰ ਪ੍ਰੀਸ਼ਦ ਕੇਸ ਵਿੱਚ ਗ੍ਰਿਫਤਾਰ ਕੀਤੇ ਜਾਣ ਮਗਰੋਂ ਗਾਡਲਿੰਗ ਜੇਲ੍ਹ ਵਿੱਚ ਹੈ। ਈ ਡੀ ਨੇ ਅਦਾਲਤ ਨੂੰ ਕਿਹਾ ਕਿ ਇਸ ਕੇਸ ਵਿੱਚ ਗਾਡਲਿੰਗ ਮੁੱਖ ਦੋਸ਼ੀ ਹੈ ਤੇ ਉਹ ਉਸ ਦੇ ਬਿਆਨ ਦਰਜ ਕਰਨਾ ਚਾਹੁੰਦੇ ਹਨ। ਦੂਜੇ ਪਾਸੇ ਗਾਡਲਿੰਗ ਨੇ ਦਾਅਵਾ ਕੀਤਾ ਕਿ ਏਜੰਸੀ ਉਸ ਨੂੰ ਇੱਕ ਹੋਰ ਕੇਸ ਵਿੱਚ ਫਸਾਉਣ ਦੀ ਸਾਜ਼ਿਸ਼ ਰਚ ਰਹੀ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

NEED A LAWYER ??

Red Seal NOTARY

KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਸੰਧਾਰਾ ਤੇ ਤਾਇਆ

-ਪਰਮਜੀਤ ਕੌਰ ਸਰਹਿੰਦ

ਜਦੋਂ ਵੀ ਸਾਉਣ ਦਾ ਮਹੀਨਾ ਆਉਂਦਾ ਹੈ ਤੇ ਤੀਆਂ ਜਾਂ ਤੀਆਂ ਦੇ ਸੰਧਾਰੇ ਦਾ ਜ਼ਿਕਰ ਕਿਤੇ ਵੀ ਪੜ੍ਹਨ-ਸੁਣਨ ਜਾਂ ਦੇਖਣ ਨੂੰ ਮਿਲੇ ਤਾਂ ਬੀਤੇ ਦੀਆਂ ਯਾਦਾਂ ਸਾਉਣ ਦੀਆਂ ਘਟਾਵਾਂ ਵਾਂਗ ਮਨ ਉੱਤੇ ਛਾ ਜਾਂਦੀਆਂ ਹਨ। ਨਵੀਂਆਂ ਵਿਆਹੀਆਂ ਕੁੜੀਆਂ ਤੀਆਂ ਦੇ ਦਿਨੀਂ ਪੇਕੇ ਆ ਜਾਂਦੀਆਂ। ਭਰਾ-ਭਤੀਜੇ ਉਨ੍ਹਾਂ ਨੂੰ ਮਾਣ-ਆਦਰ ਨਾਲ ਲੈਣ ਆਉਂਦੇ। ਮਜ਼ਬੂਰੀ ਵੱਸ ਜੇ ਕੋਈ ਕਿਸੇ ਕੁੜੀ ਨੂੰ ਪੇਕਿਆਂ ਤੋਂ ਲੈਣ ਨਾ ਆਉਂਦਾ ਤਾਂ ਸੱਸ ਮਿਹਣਾ ਮਾਰਨ ਦਾ ਮੌਕਾ ਨਾ ਖੁੰਝਾਉਂਦੀ। ਲੋਕ-ਕਾਵਿ ਗਵਾਹ ਹੈ ਕਿ ਉਹ ਕਹਿੰਦੀ-

ਤੈਨੂੰ ਤੀਆਂ ਨੂੰ ਲੈਣ ਨਾ ਆਏ
ਬਹੁਤਿਆਂ ਭਰਾਵਾਂ ਵਾਲੀਏ..

ਕੋਈ ਸਬਰ ਸਬੂਰੀ ਵਾਲੀ ਨੂੰਹ ਸਬਰ ਦਾ ਘੁੱਟ ਭਰ ਕੇ ਪਾਸੇ ਹੋ ਕੇ ਭਰੀਆਂ ਅੱਖਾਂ ਪੂੰਝ ਲੈਂਦੀ ਤੇ ਕੋਈ ਆਢਾ ਵਿੱਢਣ ਵਾਲੀ ਅੱਗੋਂ ਜਵਾਬ ਦਿੰਦੀ-

ਸੱਸੀਏ ਵੜੇਵੇਂ ਅੱਖੀਏ
ਤੈਥੋਂ ਡਰਦੇ ਲੈਣ ਨਹੀਂ ਆਏ

ਤੀਆਂ ਦਾ ਤਿਓਹਾਰ ਸਾਉਣ ਦੇ ਚਾਨਣ ਪੱਖ ਦੀ ਤੀਜ ਨੂੰ ਸ਼ੁਰੂ ਹੋ ਕੇ ਪੂਰਨਮਾਸ਼ੀ ਨੂੰ ਸੰਪੂਰਨ ਹੋ ਜਾਂਦਾ ਹੈ। ਇਸ ਰੰਗਲੇ ਮਹੀਨੇ ਕੁੜੀਆਂ ਪੇਕੇ ਆਉਂਦੀਆਂ ਤੇ ਮਹੀਨੇ-ਵੀਹ ਦਿਨ ਪਿੱਛੋਂ ਸਹੁਰੇ ਘਰ ਚਲੀਆਂ ਜਾਂਦੀਆਂ। ਇਸੇ ਲਈ ਉਹ ਤੀਆਂ ਦੇ ਗਿੱਧੇ ਵਿੱਚ ਬੋਲੀ ਪਾਉਂਦੀਆਂ-

ਸਾਉਣ ਵੀਰ 'ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ

ਸਾਉਣ ਮਹੀਨਾ ਸ਼ੁਰੂ ਹੋਣ ਸਾਰ ਨੂੰਹਾਂ-ਧੀਆਂ ਨੂੰ ਸੰਧਾਰੇ ਭੇਜਣੇ ਜਾਂ ਆਉਣੇ ਸ਼ੁਰੂ ਹੋ ਜਾਂਦੇ। ਨਵੀਂ ਵਿਆਹੀ ਕੁੜੀ ਦਾ ਪਹਿਲਾ ਸੰਧਾਰਾ ਸਹੁਰਿਆਂ ਤੋਂ ਆਉਂਦਾ। ਉਸ ਵਿੱਚ ਨੂੰਹ ਲਈ ਦੋ ਸੂਟ, ਵਿਤ ਮੁਤਾਬਕ ਕੋਈ ਛੋਟਾ-ਵੱਡਾ ਗਹਿਣਾ, ਰੰਗਲੀ ਪੀਂਘ, ਫੱਟੀ, ਚੂੜੀਆਂ, ਮਹਿੰਦੀ ਅਤੇ ਥੋੜ੍ਹਾ ਬਹੁਤਾ ਹਾਰ-ਸ਼ਿੰਗਾਰ ਦਾ ਸਾਮਾਨ ਵੀ ਹੁੰਦਾ। ਸੰਧਾਰੇ ਵਾਲੀ ਦੇ ਛੋਟੇ ਭੈਣ-ਭਰਾਵਾਂ ਜਾਂ ਭਤੀਜੇ-ਭਤੀਜੀਆਂ ਲਈ ਕੱਪੜੇ-ਲੀੜੇ ਹੁੰਦੇ। ਕੁਝ ਵਾਧੂ ਚੂੜੀਆਂ ਵੀ ਹੁੰਦੀਆਂ, ਜੋ ਸਾਥਣਾਂ-ਸਹੇਲੀਆਂ ਨੂੰ ਦਿੱਤੀਆਂ ਜਾਂਦੀਆਂ। ਇਨ੍ਹਾਂ ਚੂੜੀਆਂ ਦਾ ਕੁੜੀਆਂ ਨੂੰ ਬੜਾ ਚਾਅ ਹੁੰਦਾ। ਪਰਵਾਰ ਤੋਂ ਬਿਨਾਂ ਗਲੀ-ਗੁਆਂਢ ਨੂੰ ਸੰਧਾਰੇ ਦੀ ਉਡੀਕ ਹੁੰਦੀ। ਪਹਿਲੇ ਸੰਧਾਰੇ ਵਿੱਚ ਲੱਡੂਆਂ ਦਾ ਭਰਿਆ ਪੀਪਾ ਹੁੰਦਾ, ਜਿਸ ਵਿੱਚ ਇੱਕੀ ਸੇਰ ਕੱਚੇ ਭਾਵ ਗਿਆਰਾਂ ਕਿਲੋ ਦੇ ਕਰੀਬ ਲੱਡੂ ਹੁੰਦੇ। ਪਹੁੰਚ ਅਨੁਸਾਰ ਪੰਜ-ਸੱਤ ਜਾਂ ਵੱਧ ਘਿਓਰ ਹੁੰਦੇ। ਸੰਧਾਰੇ ਵਾਲੇ ਲੱਡੂ ਸ਼ਰੀਕੇ-ਭਾਈਚਾਰੇ ਵਿੱਚ ਵੰਡੇ ਜਾਂਦੇ। ਘਿਓਰ ਬਹੁਤੇ ਨਜ਼ਦੀਕੀਆਂ ਨੂੰ ਦਿੱਤੇ ਜਾਂਦੇ। ਜੋ ਕੁੜੀ ਦਾ ਪਤੀ ਸੰਧਾਰਾ ਲੈ ਕੇ ਆਉਂਦਾ ਤਾਂ ਉਸ ਨਾਲ ਕੋਈ ਸਾਂਝੀ-ਸੀਰੀ ਜਾਂ ਛੋਟਾ ਭੈਣ-ਭਰਾ ਜ਼ਰੂਰ ਆਉਂਦਾ। ਕਿਸੇ ਕੁੜੀ ਦਾ ਸੱਸ-ਸਹੁਰਾਂ ਜਾਂ ਦਿਓਰ, ਨਣਦ ਵੀ ਇਸ ਮੌਕੇ ਆ ਜਾਂਦਾ। ਆਏ ਰਿਸ਼ਤੇਦਾਰਾਂ ਨੂੰ ਅਤੇ ਪਿੱਛੇ ਪਰਵਾਰ ਦੇ ਸਾਰੇ ਵੱਡੇ-ਛੋਟੇ ਜੀਆਂ ਨੂੰ ਕੁੜੀ ਵਾਲੇ ਕੱਪੜੇ ਭੇਜਦੇ। ਸੁਹਰਿਆਂ ਵੱਲੋਂ ਸਿਰਫ਼ ਤੀਆਂ ਤੇ ਕਰੂਏ (ਕਰਵਾ ਚੌਥ) ਦਾ ਪਹਿਲਾਂ ਸੰਧਾਰਾ ਹੀ ਨੂੰਹ ਨੂੰ ਦਿੱਤਾ ਜਾਂਦਾ। ਮੁੜ ਜਿੰਨੀ ਦੇਰ ਪੇਕਿਆਂ ਤੋਂ ਸਰਦਾ-ਬਣਦਾ, ਉਹ ਹੀ ਧੀਆਂ ਨੂੰ ਸੰਧਾਰੇ ਦਿੰਦੇ। ਮਾਪਿਆਂ ਦੇ ਹੁੰਦੇ ਇਹ ਨਿਭੀ ਜਾਂਦਾ, ਮੁੜ ਗੱਲ ਕਦੇ-ਕਦਾਈਂ ਉੱਤੇ ਆ ਜਾਂਦੀ, ਪਰ ਕਿਸੇ ਕਰਮਾਂ ਵਾਲੀ ਦੇ ਭਾਈ-ਭਤੀਜੇ ਤਾਂ ਉਮਰ ਨਿਭਣ ਵਾਲੇ ਵੀ ਹੁੰਦੇ।

ਮੇਰੇ ਤਾਏ ਦੀਆਂ ਧੀਆਂ ਵੀ ਕਰਮਾਂ ਵਾਲੀਆਂ ਸਨ। ਉਨ੍ਹਾਂ ਨੂੰ ਵਡੇਰੀ ਉਮਰ ਵਿੱਚ ਵੀ ਸੰਧਾਰਾ ਪੁੱਜਦਾ ਰਿਹਾ। ਤੀਆਂ ਦੇ ਦਿਨ ਦੀ ਉਹ ਘਟਨਾ ਮੈਨੂੰ ਕਦੇ ਨਹੀਂ ਭੁੱਲਦੀ। ਸ਼ਰੀਕੇ ਵਿੱਚੋਂ ਲੱਗਦੇ ਮੇਰੇ ਤਾਇਆ ਜੀ ਮੇਰੇ ਪਿਤਾ ਜੀ ਤੋਂ ਕਾਫ਼ੀ ਵੱਡੇ ਸਨ। ਬਰਤਾਨਵੀ ਹਕੂਮਤ ਸਮੇਂ ਕਿਸੇ ਜੰਗ ਵਿੱਚ ਉਨ੍ਹਾਂ ਦੇ ਜਬਾੜ੍ਹੇ ਵਿੱਚ ਗੋਲੀ ਲੱਗੀ ਤੇ ਸਾਰੇ ਦੰਦ-ਜਾੜ੍ਹ ਨਿਕਲ ਗਏ। ਉਨ੍ਹਾਂ ਨੂੰ ਪੈਨਸ਼ਨ ਦੇ ਕੇ ਘਰ ਭੇਜ ਦਿੱਤਾ ਗਿਆ। ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਸਨ। ਪੇਂਡੂ ਲੋਕ ਜ਼ਖ਼ਮੀ ਨੂੰ ਫੱਟੜ ਕਹਿੰਦੇ ਹਨ। ਸਾਡਾ ਤਾਇਆ ਅਰਜਨ ਸਿੰਘ ਤੋਂ 'ਫੱਟੜ' ਨਾਂ ਨਾਲ ਮਸ਼ਹੂਰ ਹੋ ਗਿਆ।ਤਾਏ ਫੱਟੜ ਦਾ ਵਿਆਹ ਨਹੀਂ ਸੀ ਹੋਇਆ। ਉਸ ਦੇ ਵੱਡੇ ਭਰਾ ਦੀ ਮੌਤ ਹੋ ਚੁੱਕੀ ਸੀ। ਤਾਇਆ ਉਨ੍ਹਾਂ ਨਾਲ ਸਾਂਝੇ ਪਰਵਾਰ ਵਿੱਚ ਰਹਿੰਦਾ ਸੀ। ਉਸ ਦੇ ਭਤੀਜੇ-ਭਤੀਜੀਆਂ ਵਿਆਹੇ ਸਨ। ਉਹ ਠੀਕ ਹੋ ਕੇ ਭਤੀਜਿਆਂ ਨਾਲ ਸਾਰੀ ਉਮਰ ਖੇਤੀ ਕਰਾਉਂਦਾ ਰਿਹਾ। ਪਰਵਾਰ ਉਸ ਦੀ ਬਹੁਤ ਇੱਜ਼ਤ ਕਰਦਾ। ਤੀਆਂ ਦੇ ਸੰਧਾਰਿਆਂ ਦੀ ਰੁੱਤ ਸੀ। ਨਾਲ ਦੇ ਪਿੰਡ ਚੁੰਨੀ ਤੋਂ ਦੇਸੀ ਬਿਸਕੁਟ ਬਣਵਾ ਕੇ ਪੀਪੇ ਵਿੱਚ ਪਾ ਲਏ ਤੇ ਤਾਇਆ ਜੀ ਆਪਣੀਆਂ ਭਤੀਜਿਆਂ ਦਾ ਸੰਧਾਰਾ ਲੈ ਕੇ ਜਾਣ ਨੂੰ ਤਿਆਰ ਹੋ ਗਏ।



ਭਤੀਜੀ ਦੇ ਸਹੁਰੇ ਘਰ ਜਾਣ ਲਈ ਤਾਏ ਫੱਟੜ ਨੇ ਚੌਲਾਂ ਦੀ ਪਿੱਛ ਦਾ ਮਾਵਾ ਲੱਗੀ ਸਲੇਟੀ ਰੰਗ ਦੀ ਪੱਗ ਬੰਨ੍ਹੀ, ਕੁੜਤਾ ਪਾਇਆ ਤੇ ਕਿੱਲੀ ਉਤੇ ਟੰਗਿਆ ਪਜਾਮਾ ਮੋਢੇ ਉੱਤੇ ਰੱਖ ਪੈਰੀ ਧੌੜੀ ਦੀ ਜੁੱਤੀ ਪਾ ਲਈ। ਹੱਥ ਵਿੱਚ ਬਿਸਕੁਟਾਂ ਦਾ ਪੀਪਾ ਫੜਿਆ ਅਤੇ ਸਾਡੇ ਪਿੰਡੋਂ ਦਸ-ਪੰਦਰਾਂ ਮੀਲ ਪਿੰਡ ਖੇੜੇ ਨੂੰ ਤੁਰ ਪਏ। ਉਹ ਘਰ-ਘਰ ਕਾਰਾਂ ਜਾਂ ਹੋਰ ਵਾਹਨਾਂ ਵਾਲਾ ਸਮਾਂ ਨਹੀਂ ਸੀ। ਆਮਤੌਰ ਉੱਤੇ ਲੋਕ ਪੈਦਲ ਹੀ ਆਉਂਦਾ-ਜਾਂਦੇ ਸਨ।ਰਾਹਗੀਰ, ਧੂੜ-ਮਿੱਟੀ ਨਾਲ ਭਰੀਆਂ ਤੇ ਕੱਚੀਆਂ ਚਿੱਕੜ ਨਾਲ ਭਰੀਆਂ ਪਹੀਆਂ-ਗੋਹਰਾਂ ਤੋਂ ਲੰਘਣ ਕਾਰਨ ਪਜਾਮਾ ਮੈਲਾ ਹੋਣ ਦੇ ਡਰੋਂ ਉਹਨੂੰ ਮੋਢੇ ਉਤੇ ਰੱਖ ਲੈਂਦੇ। ਪ੍ਰਾਹੁਣਚਾਰੀ ਵਾਲੇ ਪਿੰਡ ਦੇ ਬੰਨੇ (ਹੱਦ) ਕੋਲ ਪੁੱਜ ਕੇ ਪਜਾਮਾ ਪਾ ਲੈਂਦੇ। ਤਾਇਆ ਜੀ ਜਦੋਂ ਖੇੜੇ ਦੇ ਬੰਨੇ ਉੱਤੇ ਪੁੱਜੇ ਤਾਂ ਬਿਸਕੁਟਾਂ ਵਾਲਾ ਪੀਪਾ ਥੱਲੇ ਰੱਖਿਆ ਤੇ ਮੋਢੇ ਉਤੇ ਪਜਾਮਾ ਲਾਹ ਕੇ ਪਾਉਣ ਲੱਗੇ। ਉਨ੍ਹਾਂ ਦੇ ਹੋਸ਼ ਉਡ ਗਏ ਜਦੋਂ ਦੇਖਿਆ ਕਿ ਉਹ ਪਜਾਮਾ ਨਹੀਂ, ਘਰ ਦੀ ਕਿਸੇ ਸੁਆਣੀ ਦੀ ਚਿੱਟੇ ਲੱਠੇ ਦੀ ਸਲਵਾਰ ਸੀ ਜਿਸ ਵਿੱਚ ਘਰੇ ਬੁਣਿਆ ਹਰੜਾਂ ਵਾਲਾ ਚਿੱਟਾ ਨਾਲਾ ਪਾਇਆ ਪਿਆ ਸੀ। ਤਾਇਆ ਜੀ ਕਦੇ ਆਪਣੀਆਂ ਲੱਤਾਂ ਵੱਲ ਦੇਖਣ, ਕਦੇ ਹੱਥ ਵਿੱਚ ਫੜੀ ਸਲਵਾਰ ਵੱਲ। ਉਨ੍ਹਾਂ ਦੇ ਪਜਾਮੇ ਵਿੱਚ ਵੀ ਅਜਿਹਾ ਨਾਲਾ ਹੁੰਦਾ ਸੀ। ਐਨੀ ਵਾਟ ਤੁਰ ਕੇ ਨਾ ਪਿੱਛੇ ਮੁੜਨ ਜੋਗੇ ਸਨ ਤੇ ਨਾ ਬਿਨਾਂ ਪਜਾਮੇ ਤੋਂ ਅੱਗੇ ਪੈਰ ਪੁੱਟ ਹੋਵੇ। ਪ੍ਰੇਸ਼ਾਨ ਹੋਏ ਘਰ ਦੀਆਂ ਸੁਆਣੀਆਂ ਨੂੰ ਗਾਲਾਂ ਦਿੰਦੇ ਰਹੇ। ਅਖ਼ੀਰ ਕੁੜਮਾਂ ਦੇ ਜ਼ਰਾ ਹਟਵੇਂ ਡੰਗਰਾਂ ਵਾਲੇ ਵਾੜੇ ਵਿੱਚ ਜਾ ਪੁੱਜੇ। ਕਾਫ਼ੀ ਦੇਰ ਬਾਅਦ ਉਨ੍ਹਾਂ ਦਾ ਸੀਰੀ ਆਇਆ। ਤਾਇਆ ਜੀ ਨੇ ਉਸ ਨੂੰ ਕਿਹਾ,'ਭਾਈ! ਇਹ ਬਿਸਕੁਟਾਂ ਦਾ ਪੀਪਾ ਸਾਂਭਦਿਆਂ ਮੋਢੇ ਤੋਂ ਕਿਤੇ ਮੇਰਾ ਪਜਾਮਾ ਰਾਹ ਵਿੱਚ ਡਿੱਗ ਪਿਆ, ਹਰਨਾਮ ਕੁਰ ਨੂੰ ਕਹਿ ਕੇ ਹੌਲੀ ਜਿਹੇ ਉਹਦੇ ਸਹੁਰੇ ਦਾ ਪਜਾਮਾ ਫੜ ਕੇ ਲਿਆ ਘਰੋਂ, ਮੈਂ ਕੁੜੀ ਦੇ ਘਰ ਵੜਨ ਜੋਗਾ ਹੋਵਾਂ।' ਸੀਰੀ ਨੇ ਮੇਰੀ ਭੈਣ ਤੋਂ ਪਜਾਮਾ ਲਿਆ ਕੇ ਦਿੱਤਾ ਤੇ ਤਾਇਆ ਜੀ ਅੰਦਰਲੇ ਘਰ ਗਏ। ਜਦੋਂ ਉਸ ਨੂੰ ਇਹ ਗੱਲ ਦੱਸੀ ਤਾਂ ਉਹ ਹੱਸਦੀ ਰਹੀ ਤੇ ਤਾਇਆ ਫੱਟੜ ਤਾਈ ਤੇ ਨੂੰਹਾਂ ਨੂੰ ਬੁਰਾ ਭਲਾ ਬੋਲਦਿਆਂ ਖਿਝਦਾ ਖਪਦਾ ਰਿਹਾ। ਦੂਜੇ ਦਿਨ ਕੁੜਮ ਦਾ ਪਜਾਮਾ ਪਾ ਕੇ ਬੰਨੇ ਤੱਕ ਆਏ ਤਾਂ ਨਾਲ ਆਏ ਸੀਰੀ ਨੂੰ ਪਜਾਮਾ ਲਾਹ ਕੇ ਵਾਪਸ ਕੀਤਾ।

ਗੁੱਸੇ ਤੇ ਸ਼ਰਮਿੰਦਗੀ ਨਾਲ ਭਰੇ ਤਾਇਆ ਜੀ ਵਾਪਸ ਘਰ ਆਏ ਤਾਂ ਬਿਸਕੁਟਾਂ ਵਾਲਾ ਖ਼ਾਲੀ ਪੀਪਾ ਵਗਾਹ ਕੇ ਵਿਹੜੇ ਵਿੱਚ ਮਾਰਿਆ। ਭੈਣ ਵੱਲੋਂ ਖ਼ਾਲੀ ਤੋਂ ਪੀਪੇ ਵਿੱਚ ਪਾਏ ਗੁੜ ਦੀਆਂ ਦੋ ਕੁ ਭੇਲੀਆਂ ਗਲੀ ਵਿੱਚ ਰੁੜ੍ਹੀਆਂ ਫਿਰਨ। ਤਾਈ ਤੇ ਭਾਬੀ ਹੋਰਾਂ ਨੂੰ ਗਾਲ੍ਹਾਂ ਕੱਢਦਿਆਂ ਆਖੀ ਜਾਣ: ''ਮੇਰੇ ਪਜਾਮੇ ਨੂੰ ਅੱਗ ਲੱਗ ਗੀ ਜਾਂ ਥੋਡੇ ਡੇਲੇ ਫੁੱਟੇ ਹੋਏ ਨੇ?'' ਕਿਸੇ ਨੂੰ ਕੁਝ ਪਤਾ ਨਾ ਲੱਗੇ ਕਿ ਉਹ ਕਿਉਂ ਐਨੇ ਗੁੱਸੇ ਵਿੱਚ ਨੇ। ਤਾਏ ਫੱਟੜ ਨੇ ਚਿੱਟੇ ਲੱਠੇ ਦੀ ਸਲਵਾਰ ਉਨ੍ਹਾਂ ਅੱਗੇ ਸੁੱਟੀ ਤਾਂ ਉਨ੍ਹਾਂ ਨੂੰ ਝੱਟ ਸਾਰੀ ਗੱਲ ਸਮਝ ਆ ਗਈ। ਉਨ੍ਹਾਂ ਦੀ ਪੱਗ ਤੇ ਕਮੀਜ਼ ਤਾਂ ਉਨ੍ਹਾਂ ਦੀ ਨੂੰਹ ਨੇ ਉਨ੍ਹਾਂ ਨੂੰ ਫੜਾਈ ਸੀ, ਪਰ ਪਜਾਮੇ ਦੀ ਥਾਂ ਸਲਵਾਰ ਉਨ੍ਹਾਂ ਆਪ ਭੁਲੇਖੇ ਨਾਲ ਚੁੱਕ ਕੇ ਮੋਢੇ ਉਤੇ ਰੱਖ ਲਈ ਸੀ। ਤਾਇਆ ਜੀ ਦੇ ਸਾਹਮਣੇ ਤਾਂ ਕੋਈ ਕੁਸਕੇ ਨਾ, ਪਰ ਅੰਦਰ ਵੜ-ਵੜ ਸਾਰੇ ਹੱਸ-ਹੱਸ ਦੂਹਰੇ ਹੋਈ ਜਾਣ। ਇਸ ਘਟਨਾ ਸਮੇਂ ਮੈਂ ਬਹੁਤ ਛੋਟੀ ਸਾਂ। ਕਈ ਵਾਰ ਮੈਂ ਉਨ੍ਹਾਂ ਨੂੰ ਛੇੜਨਾ ਤੇ ਕਹਿਣਾ,''ਤਾਇਆ ਜੀ! ਅੱਜਕੱਲ੍ਹ ਨਹੀਂ ਪਜਾਮੇ ਨੂੰ ਅੱਗ ਲੱਗੀ ਕਦੇ?'' ਉਨ੍ਹਾਂ ਆਲੇ ਵਰਗਾ ਮੂੰਹ ਖੋਲ ਕੇ ਹੱਸਦਿਆਂ ਕਹਿਣਾ, ''ਨਾ ਪੁੱਤ ਮੈਂ ਝੱਗਾ (ਕਮੀਜ਼) ਬਾਅਦ ਵਿੱਚ, ਪਹਿਲਾਂ ਪਜਾਮਾ ਪਾਉਣਾ।''

ਤਾਏ ਫੱਟੜ ਅਤੇ ਖੇੜੇ ਵਾਲੀ ਮੇਰੀ ਭੈਣ ਨੂੰ ਸੰਸਾਰ ਤੋਂ ਵਿਦਾਅ ਹੋਇਆ ਲੰਮਾ ਅਰਸਾ ਬੀਤ ਗਿਆ ਹੈ। ਮੈਨੂੰ ਸਾਉਣ ਦੇ ਮਹੀਨੇ ਜਿੱਥੇ ਤਾਇਆ ਜੀ ਯਾਦ ਆਉਂਦੇ ਹਨ, ਉਥੇ ਗੂੜ੍ਹੀਆਂ ਸਾਂਝਾਂ ਯਾਦ ਆਉਂਦੀਆਂ ਹਨ। ਬੀਤੇ ਸਮੇਂ ਲੋਕ ਪੈਦਲ ਤੁਰ ਕੇ ਇੱਕ-ਦੂਜੇ ਨੂੰ ਮਿਲਣ ਜਾਂਦੇ ਸਨ। ਅੱਜ ਘਰ-ਘਰ ਕਾਰਾਂ ਤੇ ਹੋਰ ਸਹੂਲਤਾਂ ਦੇ ਹੁੰਦਿਆਂ ਵੀ ਛੇਤੀ ਕਿਸੇ ਨੂੰ ਮਿਲ ਕੇ ਰਾਜ਼ੀ ਨਹੀਂ। ਕਾਹਲੀ ਤੇ ਸਵਾਰਥ ਦੇ ਯੁੱਗ ਵਿੱਚ ਇਹ ਗੱਲਾਂ ਅਲੋਕਾਰੀ ਲੱਗਦੀਆਂ ਹਨ। ਪੀਪੇ ਵਿਚਲੇ ਦੇਸੀ ਬਿਸਕੁਟਾਂ ਦੀ ਥਾਂ ਮਿਲਾਵਟੀ ਮਠਿਆਈਆਂ ਦੇ ਝਿਲਮਿਲ ਕਰਦੇ ਪੈਕਿੰਗ ਦੇ ਡੱਬਿਆਂ ਨੇ ਲੈ ਲਈ ਹੈ। ਮੋਹ-ਮੁਹੱਬਤਾਂ ਨੂੰ ਖੋਰਾ ਲੱਗ ਗਿਆ ਹੈ। ਸਾਉਣ ਦੇ ਮਹੀਨੇ ਤੀਆਂ ਦੇ ਦਿਨੀਂ ਮੈਨੂੰ ਮੁੜ-ਮੁੜ ਯਾਦ ਆਉਂਦਾ ਹੈ ਆਪਣੇ ਤਾਇਆ ਫੱਟੜ, ਉਸ ਦਾ ਪੀਪਾ ਤੇ ਪਜਾਮਾ..!

# ਸਾਉਣ ਮਾਹ ਝੜੀਆਂ ਗਰਮੀ ਝਾੜ ਸੁੱਟੀ..

-ਗੁਰਬਿੰਦਰ ਸਿੰਘ ਮਾਣਕ

ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ, 'ਸੂਰਜ ਏਕੋ ਰੁਤਿ ਅਨੇਕ॥'' ਕੁਦਰਤ ਦੇ ਵਰਤਾਰੇ ਵਿੱਚ ਇਹ ਅਲੋਕਾਰ ਗੱਲ ਹੈ ਕਿ ਰੁੱਤਾਂ ਤੇ ਮੌਸਮ ਬਦਲਦੇ ਰਹਿੰਦੇ ਹਨ, ਪਰ ਸ਼ਕਤੀ ਦਾ ਸੋਮਾ ਸੂਰਜ ਇੱਕੋ ਰਹਿੰਦਾ ਹੈ। ਕਦੇ ਗਰਮੀ, ਕਦੇ ਸਰਦੀ, ਕਦੇ ਬਸੰਤ, ਕਦੇ ਬਰਸਾਤ ਤੇ ਕਦੇ ਪੱਤਝੜ ਦੀਆਂ ਰੁੱਤਾਂ ਨੇ ਧਰਤੀ ਦੇ ਇਸ ਖ਼ਿੱਤੇ ਉਤੇ ਨਿਵੇਕਲੇ ਰੰਗ ਬਿਖੇਰੇ ਹੋਏ ਹਨ। ਮਨੁੱਖ ਇਨ੍ਹਾਂ ਰਾਂਗਲੀਆਂ ਰੁੱਤਾਂ ਅਤੇ ਮੌਸਮ ਹਨ। ਕਿਤੇ ਅੰਤਾਂ ਦੀ ਬਰਫ਼ਬਾਰੀ ਨਾਲ ਧਰਤੀ ਕੱਜੀ ਜਾਂਦੀ ਹੈ, ਕਿਤੇ ਕਹਿਰਾਂ ਦਾ ਗਰਮੀ ਅਤੇ ਹੁੰਮਸ ਤਨ ਮਨ ਨੂੰ ਸਾੜਦਾ ਹੈ, ਕਿਤੇ ਵਰਖਾ ਦੀ ਰੁੱਤ ਤਨ ਮਨ ਨੂੰ ਸਰਸ਼ਾਰ ਕਰਦੀ ਹੈ। ਪੰਜ ਪਾਣੀਆਂ ਦੀ ਧਰਤੀ ਪੰਜਾਬ ਦੇ ਖ਼ਿੱਤੇ ਵਿੱਚ ਵਸੇ ਬਸ਼ਿੰਦਿਆਂ ਨੂੰ ਕੁਦਰਤ ਨੇ ਸਾਰੀਆਂ ਰੁੱਤਾਂ ਨਾਲ ਨਿਵਾਜ਼ਿਆ ਹੈ। ਹਰ ਰੁੱਤ ਹੀ ਨਿਵੇਕਲੇ ਰੰਗਾਂ ਵਿੱਚ ਰੰਗੀ ਹੋਈ, ਮਨੁੱਖੀ ਜੀਵਨ ਨੂੰ ਵੱਖਰੇ ਨਜ਼ਾਰੇ ਬਖ਼ਸ਼ਦੀ ਹੈ।

ਇਸ ਧਰਤੀ ਦੇ ਵਾਸੀਆਂ ਦਾ ਮੁੱਖ ਕਿੱਤਾ ਖੇਤੀ ਹੋਣ ਕਾਰਨ ਇਸ ਵਿੱਚ ਬਰਸਾਤ ਦੀ ਰੁੱਤ ਦੀ ਭਰਵੀਂ ਉਡੀਕ ਕੀਤੀ ਜਾਂਦੀ ਹੈ। ਸਾਵਣ ਦੇ ਮਹੀਨੇ ਨੂੰ ਮੁੱਖ ਤੌਰ ਉੱਤੇ ਬਰਸਾਤ ਦਾ ਮਹੀਨਾ ਮੰਨਿਆ ਜਾਂਦਾ ਹੈ। ਜੇਠ-ਹਾੜ੍ਹ ਦੀਆਂ ਤਪਦੀਆਂ ਧੁੱਪਾਂ, ਵਗਦੀਆਂ ਲੋਆਂ, ਔੜ ਕਾਰਨ ਝੁਲਸੀਆਂ ਫ਼ਸਲਾਂ ਤੇ ਹੁੰਮਸ ਭਰੀ ਗਰਮੀ ਤੋਂ ਅੱਕੇ ਹੋਏ ਲੋਕ ਕੁਦਰਤ ਅੱਗੇ ਜੋਦੜੀਆਂ ਕਰਦੇ ਹਨ ਕਿ ਮੀਂਹ ਪਾ ਕੇ ਸੜਦੀ ਧਰਤੀ ਤੇ ਧਰਤੀ ਦੇ ਜੀਵਾਂ ਨੂੰ ਨਿਹਾਲ ਕਰ ਦਿਓ। ਮਨੁੱਖ, ਪਸ਼ੂ ਪੰਛੀ ਸਾਰੇ ਗਰਮੀ ਤੋਂ ਬਚਣ ਲਈ ਭਰਵੇਂ ਰੁੱਖਾਂ ਦੀਆਂ ਛਾਵਾਂ ਹੇਠ ਤਿੱਖੜ ਦੁਪਹਿਰੇ ਕੱਟਦੇ ਹਨ। ਜਦੋਂ ਮੀਂਹ ਵਰ੍ਹਦੇ ਤਾਂ ਫ਼ਸਲਾਂ ਦੇ ਭਰਪੂਰ ਹੋਣ ਦੀ ਆਸ ਬੱਝ ਜਾਂਦੀ ਹੈ। ਇਸੇ ਕਾਰਨ ਜਦੋਂ ਸਾਉਣ ਦਾ ਮਹੀਨਾ ਚੜ੍ਹਦਾ ਹੈ ਤਾਂ ਲੋਕਾਂ ਨੂੰ ਆਸ ਬੱਝਦੀ ਹੈ ਕਿ ਬਰਸਾਤ ਆਪਣਾ ਰੰਗ ਦਿਖਾਏਗੀ ਤੇ ਤਪਦੇ ਤਨ-ਮਨ ਨੂੰ ਠੰਢਾ-ਠਾਰ ਕਰੇਗੀ।

ਗੁਰੂ ਗ੍ਰੰਥ ਸਾਹਿਬ ਵਿੱਚ ਵੀ ਬਾਰਹ ਮਾਹ ਬਾਣੀ ਵਿੱਚ ਗੁਰੂ ਸਾਹਿਬਾਨ ਨੇ ਦੇਸੀ ਮਹੀਨਿਆਂ ਦਾ ਵਿਸਥਾਰ ਨਾਲ ਵਰਣਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਰਾਗ ਤੁਖਾਰੀ ਵਿੱਚ ਅਤੇ ਗੁਰੂ ਅਰਜਨ ਦੇਵ ਜੀ ਨੇ ਰਾਗ ਮਾਝ ਵਿੱਚ ਬਾਰਹ ਮਾਹ ਦੀ ਰਚਨਾ ਕੀਤੀ ਹੈ। ਸੰਗਰਾਂਦ ਦੇ ਦਿਨ ਗੁਰੂ ਅਰਜਨ ਦੇਵ ਜੀ ਵੱਲੋਂ ਰਚੇ ਬਾਰਹ ਮਾਹ ਦਾ ਪਾਠ ਕੀਤਾ ਜਾਂਦਾ ਹੈ। ਸਾਵਣ ਮਹੀਨੇ ਸਬੰਧੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ-

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥

ਗੁਰੂ ਸਾਹਿਬ ਸਾਵਣ ਮਹੀਨੇ ਵਿੱਚ ਵਰਖਾ ਦੀ ਮਿਸਾਲ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਵਰਖਾ ਨਾਲ ਹਰ ਪਾਸੇ ਹਰਿਆਲੀ ਛਾ ਜਾਂਦੀ ਤੇ ਤਪਦੇ ਮਨਾਂ ਨੂੰ ਠੰਢਕ ਅਨੁਭਵ ਹੁੰਦੀ ਹੈ, ਬਿਲਕੁਲ ਇਸੇ ਤਰ੍ਹਾਂ ਹੀ ਪ੍ਰਭੂ ਦੇ ਨਾਮ ਦੀ ਆਤਮਕ ਬੂੰਦ ਦਾ ਅਨੁਭਵ ਕਰ ਕੇ ਜੀਵ ਦਾ ਮਨ ਤ੍ਰਿਪਤ ਹੋ ਜਾਂਦਾ ਹੈ। ਇਹ ਮਹੀਨਾ ਉਨ੍ਹਾਂ ਭਾਗਾਂ ਵਾਲੀਆਂ ਜੀਵ-ਇਸਤਰੀਆਂ ਦੇ ਮਨ ਵਿੱਚ ਖੇੜਾ ਲੈ ਆਉਂਦਾ ਹੈ, ਜਿਨ੍ਹਾਂ ਨੇ ਆਪਣੇ ਹਿਰਦੇ ਰੂਪੀ ਗਲ ਵਿੱਚ ਰੱਬ ਦੇ ਨਾਂ ਦਾ ਹਾਰ ਪਾਇਆ ਹੈ। ਬਾਰਹ ਮਾਹਾ ਵਿੱਚ ਗੁਰੂ ਨਾਨਕ ਦੇਵ ਜੀ ਵੀ ਅਜਿਹੇ ਵਿਚਾਰਾਂ ਦਾ ਫ਼ੁਰਮਾਨ ਕਰਦੇ ਹਨ। ਸੁਹਾਗਣ ਔਰਤਾਂ ਦੇ ਕਈ ਤਿਉਹਾਰ ਇਸ ਮਹੀਨੇ ਆਉਂਦੇ ਹਨ। ਹਰ ਪਾਸੇ ਹਰਿਆਵਲ ਹੋਣ ਕਾਰਨ ਔਰਤਾਂ ਹਰੇ ਵਸਤਰ ਤੇ ਹਰੀਆਂ ਚੂੜੀਆਂ ਪਾਉਂਦੀਆਂ ਹਨ। ਜੇਠ-ਹਾੜ੍ਹ ਦੀ ਵਰ੍ਹਦੀ ਅੱਗ ਤੋਂ ਬਾਅਦ ਸਾਉਣ ਮਹੀਨੇ ਦੀਆਂ ਫੁਹਾਰਾਂ ਮਨਾਂ ਵਿੱਚ ਖ਼ੁਸ਼ੀਆਂ ਤੇ ਖੇੜਿਆਂ ਦਾ ਸੰਚਾਰ ਕਰਦੀਆਂ ਮਨਾਂ ਵਿੱਚ ਖ਼ੁਸ਼ੀਆਂ ਤੇ ਖੇੜਿਆਂ ਦਾ ਸੰਚਾਰ ਕਰਦੀਆਂ ਹਨ ਤੇ ਮਨ ਮਚਲ ਉਠਦਾ ਹੈ।

ਪੰਜਾਬੀ ਜਨ-ਜੀਵਨ ਵਿੱਚ ਸਾਉਣ ਦੀ ਰੁੱਤ ਦਾ ਵਿਸ਼ੇਸ਼ ਮਹੱਤਵ ਹੈ। ਖੇਤੀ ਦਾ ਸਭਿਆਚਾਰ ਹੋਣ ਕਾਰਨ ਹਰ ਕੋਈ ਬਰਸਾਤ ਦੇ ਮੌਸਮ ਦੀ ਬੇਸਬਰੀ ਨਾਲ ਉਡੀਕ ਕਰਦਾ ਹੈ। ਵਰਖਾ ਕੇਵਲ ਮਨੁੱਖੀ ਤਨ ਮਨ ਨੂੰ ਹੀ ਨਹੀਂ ਠਾਰਦੀ, ਪੂਰੀ ਕਾਇਨਾਤ ਇਸ ਆਪਾਰ ਬਖ਼ਸ਼ਿਸ਼ ਨਾਲ ਖੇੜੇ ਵਿੱਚ ਆ ਜਾਂਦੀ ਹੈ। ਉਨ੍ਹਾਂ ਸਮਿਆਂ ਵਿੱਚ ਸਿੰਚਾਈ ਦੇ ਅੱਜ ਵਰਗੇ ਸਾਧਨਾਂ ਦੀ ਅਣਹੋਂਦ ਕਾਰਨ ਸਭ ਕੁਝ ਰੱਬੀ ਮਿਹਰ ਉੱਤੇ ਨਿਰਭਰ ਸੀ। ਜੇ ਕਦੇ ਬਰਸਾਤ ਨਾ ਹੁੰਦੀ ਤਾਂ ਲੋਕ ਅਰਦਾਸਾਂ ਕਰਦੇ ''ਰੱਬਾ! ਰੱਬਾ! ਮੀਂਹ ਵਰਸਾ, ਸਾਡੀ ਕੋਠੀ ਦਾਣੇ ਪਾ।'' ਖੇਤੀ ਦਾ ਸਾਰਾ ਦਾਰੋਮਦਾਰ ਹੀ ਬਰਸਾਤ ਉੱਤੇ ਨਿਰਭਰ ਸੀ। ਕਿਸਾਨ ਖੂਹਾਂ ਨਾਲ ਫ਼ਸਲਾਂ ਸਿੰਜਦੇ, ਪਰ ਹਰ ਕੋਈ ਮੀਂਹ ਦੀ ਉਡੀਕ ਕਰਦਾ। ਲੋਕ ਗੀਤਾਂ ਵਿੱਚ ਵੀ ਅਜਿਹੇ ਭਾਵਾਂ ਦੀ ਤਰਜਮਾਨੀ ਹੋਈ ਹੈ-

ਸਾਉਣ ਮਹੀਨਾ ਭਾਗੀਂ ਭਰਿਆ
ਠੰਢੀਆਂ ਵਗਣ ਹਵਾਵਾਂ।
ਧੰਨ-ਭਾਗ ਦੁਨੀਆ ਦੇ
ਖੇਤੀਂ ਆਈਆਂ ਬਹਾਰਾਂ।

ਕੁਦਰਤ ਦੇ ਇਸ ਵਰਤਾਰੇ ਵਿੱਚ ਬਹੁਤ ਅਨਿਸ਼ਚਤਤਾ ਹੈ, ਇਹ ਪੁਰਾਣੇ ਸਮਿਆਂ ਵਿੱਚ ਵੀ ਸੀ ਤੇ ਅੱਜ ਵੀ ਹੈ। ਅੱਜਕੱਲ੍ਹ ਭਰਵੀਂ ਬਰਸਾਤ ਕਦੇ ਕਦੇ ਹੁੰਦੀ ਹੈ, ਪਰ ਮਨੁੱਖੀ ਗਲਤੀਆਂ ਕਾਰਨ ਧਰਤੀ ਹੇਠ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਕਈ ਵਾਰ ਬਹੁਤ ਸਖ਼ਤ ਸੋਕਾ ਪੈ ਜਾਂਦਾ ਹੈ ਤਾਂ ਫਸਲਾਂ ਵੀ ਝੁਲਸ ਜਾਂਦੀਆਂ ਹਨ, ਫਿਰ ਲੋਕ ਬੇਵੱਸ ਹੋ ਜਾਂਦੇ ਹਨ। ਮਾਲਵੇ ਦੀ ਇੱਕ ਲੋਕ-ਬੋਲੀ ਵਿੱਚ ਅਜਿਹਾ ਵਰਣਨ ਮਿਲਦਾ ਹੈ-

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ ਪਿੰਡ ਸੁਣੀਂਦਾ ਚੀਮਾ
ਸਾਉਣ ਮਹੀਨੇ ਮੀਂਹ ਨਾ ਪੈਂਦਾ ਸੁੱਕੀਆਂ ਵਗਣ ਜ਼ਮੀਨਾਂ
ਤੂੜੀ ਖਾ ਖਾ ਬਲਦ ਹਾਰ ਗਏ, ਗੱਭਰੂ ਗਿੱਝ ਗਏ ਫ਼ੀਮਾਂ
ਤੇਰੀ ਬੈਠਕ ਨੇ, ਪੱਟਿਆ ਕਬੂਤਰ ਚੀਨਾ।

ਸਾਉਣੀ ਦੀ ਰੁੱਤੇ ਮੱਕੀ ਨਾਲ ਖਰਬੂਜ਼ੇ, ਹਦਵਾਣੇ, ਤਰ੍ਹਾਂ ਤੇ ਘਰ ਦੀ ਵਰਤੋਂ ਲਈ ਸਬਜ਼ੀਆਂ ਬੀਜੀਆਂ ਜਾਂਦੀਆਂ। ਦੁਪਹਿਰਾਂ ਨੂੰ ਛੱਲੀਆਂ ਭੁੰਨ ਕੇ ਚੱਬਣੀਆਂ ਅਤੇ ਘਰ ਦੀ ਚਾਟੀ ਦੀ ਲੱਸੀ ਪੀ ਕੇ ਡੰਗ ਸਾਰ ਲੈਣਾ। ਉਨ੍ਹਾਂ ਸਮਿਆਂ ਵਿੱਚ ਬਹੁਤ ਹੱਦ ਤੱਕ ਘਰ ਕੱਚੇ ਹੁੰਦੇ ਸਨ। ਬਰਸਾਤਾਂ ਦੇ ਦਿਨੀਂ ਜੇ ਝੜੀ ਲੱਗ ਜਾਣੀ ਤਾਂ ਕੋਠੇ ਚੋਣ ਲੱਗ ਜਾਣੇ। ਕਈ ਵਾਰ ਵਰ੍ਹਦੇ ਮੀਂਹ ਵਿੱਚ ਘਰ ਦੀਆਂ ਸੁਆਣੀਆਂ ਨੇ ਕੋਠੇ ਉੱਤੇ ਜਾ ਕੇ ਬਨੇਰੇ ਦੇ ਨਾਲ ਹੱਥ ਫੇਰਨਾ ਤਾਂ ਕਿ ਛੱਤ ਦੀਆਂ ਤਰੇੜਾਂ ਆਦਿ ਵਿੱਚ ਮਿੱਟੀ ਭਰ ਜਾਏ ਤੇ ਛੱਤ ਨਾ ਚੋਵੇ। ਜੇ ਮੀਂਹ ਵਧੇਰੇ ਹੋਣੇ ਤਾਂ ਇਹ ਸਿਲਸਿਲਾ ਕਈ ਦਿਨ ਚੱਲਦਾ। ਜੀਵਨ ਔਕੜਾਂ ਤੇ ਦੁਸ਼ਵਾਰੀਆਂ ਨਾਲ ਭਰ ਜਾਂਦਾ। ਚੁੱਲ੍ਹਾ-ਚੌਕਾ ਤੇ ਬਾਲਣ ਵੀ ਭਿੱਜ ਜਾਣ ਕਾਰਨ ਘਰ ਦੀਆਂ ਸੁਆਣੀਆਂ ਲਈ ਰੋਟੀ-ਟੁੱਕ ਕਰਨਾ ਡਾਢਾ ਔਖਾ ਹੋ ਜਾਂਦਾ। ਪਸ਼ੂਆਂ ਦੇ ਪੱਠੇ-ਦੱਥੇ ਵਰ੍ਹਦੇ ਮੀਂਹਾਂ ਤੇ ਖੜ੍ਹੇ ਪਾਣੀ ਵਿੱਚੋਂ ਵੱਢ ਕੇ ਲਿਆਉਣੇ ਪੈਂਦੇ। ਇਸ ਦੇ ਬਾਵਜੂਦ ਲੋਕ ਮੀਂਹ ਨੂੰ ਕੁਦਰਤ ਦਾ ਵਰਦਾਨ ਮੰਨਦੇ ਤੇ ਕਾਦਰ ਅੱਗੇ ਸਿਰ ਝੁਕਾਅ ਕੇ ਸ਼ੁਕਰ ਕਰਦੇ।

ਸਾਵਣ ਮਹੀਨੇ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ। ਇਹ ਮਹੀਨੇ ਦੇ ਚਾਨਣ ਪੱਖ ਦੀ ਤੀਜ ਤੋਂ ਸ਼ੁਰੂ ਹੋ ਕੇ ਪੁੰਨਿਆ ਤੱਕ ਚੱਲਦੀਆਂ ਹਨ। ਨਵੀਆਂ ਵਿਆਹੀਆਂ ਮੁਟਿਆਰਾਂ ਸਾਉਣ ਕੱਟਣ ਲਈ ਪੇਕਿਆਂ ਦੇ ਘਰ ਆਉਂਦੀਆਂ। ਸਹੇਲੀਆਂ ਨੂੰ ਮਿਲਣ ਦਾ ਚਾਅ ਸਾਂਭਿਆ ਨਾ ਜਾਂਦਾ। ਰੁੱਖਾਂ ਨਾਲ ਪੀਂਘਾਂ ਪੈਂਦੀਆਂ ਤੇ ਗਿੱਧੇ ਦਾ ਪਿੜ ਬੱਝਦਾ। ਹੱਥਾਂ ਉੱਤੇ ਮਹਿੰਦੀ, ਰੰਗ, ਬਿਰੰਗੀਆਂ ਚੂੜੀਆਂ ਚੜ੍ਹਾ ਕੇ ਪੂਰਾ ਹਾਰ-ਸ਼ਿੰਗਾਰ ਕਰਕੇ ਮੁਟਿਆਰਾਂ ਪੂਰੀ ਸੱਜ-ਧੱਜ ਨਾਲ ਸਖੀਆਂ-ਸਹੇਲੀਆਂ, ਨਣਦਾਂ-ਭਰਜਾਈਆਂ ਤੇ ਚਾਚੀਆਂ-ਤਾਈਆਂ ਸੰਗ ਹਾਸੇ-ਠੱਠੇ ਕਰਦੀਆਂ ਤੀਆਂ ਦੇ ਪਿੜ ਵਿੱਚ ਪਹੁੰਚਦੀਆਂ। ਬੋਲੀਆਂ ਦੇ ਛੱਰਾਟਿਆਂ ਨਾਲ ਗਿੱਧੇ ਦੀ ਧਮਾਲ ਪੈਂਦੀ। ਪੀਂਘ ਦੇ ਹੁਲਾਰਿਆਂ ਨਾਲ ਕੁੜੀਆਂ ਨ੍ਹੇਰੀ ਲਿਆ ਦਿੰਦੀਆਂ। ਲੋਕ-ਗੀਤਾਂ ਵਿੱਚ ਅਜਿਹੇ ਦ੍ਰਿਸ਼ ਦਾ ਇੰਜ ਵਰਣਨ ਕੀਤਾ ਗਿਆ ਹੈ-

ਸਾਉਣ ਮਹੀਨਾ ਦਿਨ ਤੀਆਂ ਦੇ
ਸਭੇ ਸਹੇਲੀਆਂ ਆਈਆਂ
ਨੀਂ ਸੰਤੋ ਸ਼ਾਮੋ ਹੋਈਆਂ 'ਕੱਠੀਆਂ,
ਵੱਡੇ ਘਰਾਂ ਦੀਆਂ ਜਾਈਆਂ।
ਨੀਂ 'ਕਾਲੀਆਂ ਦੀ ਫਿੰਨੋ ਦਾ ਤਾਂ
ਚਾਅ ਚੁੱਕਿਆ ਨਾ ਜਾਵੇ
ਝੂਟਾ ਦੇ ਦਿਉ ਨੀਂ, ਦੇ ਦਿਉ ਨੀਂ,
ਮੇਰਾ ਲੱਕ ਹੁਲਾਰੇ ਖਾਵੇ।

ਪੰਜਾਬੀ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਕਵਿਤਾ ਵਿੱਚ ਇਸ ਰੁੱਤ ਦੇ ਤਿਉਹਾਰ ਵਿੱਚ ਮੇਲ੍ਹਦੀਆਂ ਮੁਟਿਆਰਾਂ ਦਾ ਭਰਪੂਰ ਜ਼ਿਕਰ ਕੀਤਾ ਹੈ-

ਪੇਕੀਂ ਬੈਠੀਆਂ ਤਾਈਂ ਦਿਹਾਰ ਆਏ
ਤੇ ਸ਼ਿੰਗਾਰ ਲਾਏ ਸਹੁਰੀਂ ਆਈਆਂ ਨੇ
ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ
ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ
ਖੀਰਾਂ ਰਿੱਝੀਆਂ, ਪੂੜਿਆਂ ਡੰਝ ਲਾਹੀ
ਕੁੜੀਆਂ ਵਹੁਟੀਆਂ ਨੇ ਪੀਂਘਾਂ ਪਾਈਆਂ ਨੇ
ਗਿੱਧੇ ਵੱਜਦੇ ਕਿਲਕਲੀ ਮੱਚਦੀ ਏ
ਘਟਾ ਕਾਲੀਆਂ ਵੇਖ ਕੇ ਛਾਈਆਂ ਨੇ।

ਘਰਾਂ ਦੇ ਫਿਕਰਾਂ ਤੇ ਦੁਸ਼ਵਾਰੀਆਂ ਨੂੰ ਭੁੱਲ-ਭੁਲਾ ਕੇ ਮੁਟਿਆਰਾਂ ਖ਼ੁਸ਼ੀ ਵਿੱਚ ਖੀਵੀਆਂ ਹੋ ਹੋ ਗਿੱਧੇ ਦੇ ਪਿੜ ਵਿੱਚ ਝੂਮਦੀਆਂ। ਇੱਕ ਦੂਜੀ ਨਾਲ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰੀ ਜਾਂਦੀਆਂ ਅਤੇ ਖ਼ੁਸ਼ੀਆਂ ਤੇ ਚਾਵਾਂ ਦੇ ਪਲਾਂ ਨੂੰ ਵੀ ਮਾਣੀ ਜਾਂਦੀਆਂ। ਲੋਕ ਗੀਤਾਂ ਦੇ ਸਿਰਜਣਹਾਰਿਆਂ ਨੇ ਕਿਸੇ ਅਜਿਹੇ ਪਲ ਨੂੰ ਹੀ ਬਿਆਨਿਆ ਜਾਪਦਾ ਹੈ-

ਸਾਉਣ ਮਹੀਨਾ ਦਿਨ ਤੀਆਂ ਦੇ
ਸਭੇ ਸਹੇਲੀਆਂ ਆਈਆਂ
ਭਿੱਜ ਗਈ ਰੂਹ ਮਿੱਤਰਾ
ਸਾਉਣ ਘਟਾ ਚੜ੍ਹ ਆਈਆਂ।

ਗਿੱਧੇ ਦੇ ਪਿੜ ਵਿੱਚ ਹਾਸਾ-ਠੱਠਾ ਵੀ ਚੱਲਦਾ। ਕਿਸੇ ਅਮਲੀ ਦੇ ਦਲਿੱਦਰ ਭਰੇ ਜੀਵਨ ਨੂੰ ਸਾਹਮਣੇ ਰੱਖ ਕੇ ਕੋਈ ਮੁਟਿਆਰ ਬੋਲੀ ਪਾਉਂਦੀ-

ਸਾਉਣ ਆ ਗਿਆ ਨੀਂ ਕੁੜੀਓ..
ਬੂੰਦਾ-ਬਾਂਦੀ ਸਾਉਣ ਆ ਗਿਆ
ਅਮਲੀ ਸਾਰਾ ਸਾਲ ਨਾ ਨਾਤ੍ਹਾ..
ਨੀਂ ਇਹ ਨਵਾਉਣ ਆ ਗਿਆ
ਬੂੰਦਾ-ਬਾਂਦੀ ਸਾਉਣ ਆ ਗਿਆ।

ਇਸ ਰੁੱਤੇ ਘਰਾਂ ਵਿੱਚ ਸੁਆਣੀਆਂ ਖੀਰਾਂ ਤੇ ਪੂੜਿਆਂ ਦੇ ਪਕਵਾਨ ਬਣਾਉਂਦੀਆਂ। ਸਾਉਣ ਦੀਆਂ ਫੁਹਾਰਾਂ ਨਾਲ ਚੱਲਦੀਆਂ ਠੰਢੀਆਂ ਹਵਾਵਾਂ ਨਾਲ ਮਨ ਖਿੜ ਉਠਦੇ। ਮੀਂਹ ਵਰ੍ਹਦੇ ਤਾਂ ਫ਼ਸਲਾਂ ਝੂਮ ਉਠਦੀਆਂ ਤੇ ਕਿਸਾਨਾਂ ਦੇ ਚਿਹਰੇ ਵੀ ਖਿੜ ਜਾਂਦੇ। ਮਿਹਨਤ ਵਰ ਆਈ ਜਾਪਦੀ ਤੇ ਭਵਿੱਖ ਲਈ ਕੋਠੀ ਦੇ ਭਰਨ ਦੀ ਆਸ ਬੱਝਦੀ। ਪੰਜਾਬੀਅ ਦੇ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਕਵਿਤਾ ਵਿੱਚ ਸਾਉਣ ਮਹੀਨੇ ਦਾ ਅਜਿਹਾ ਸਜੀਵ ਚਿੱਤਰ ਪੇਸ਼ ਕੀਤਾ ਹੈ ਕਿ ਰੂਹ ਨਸ਼ਿਆ ਜਾਂਦੀ ਹੈ-

ਸਾਉਣ ਮਾਹ, ਝੜੀਆਂ ਗਰਮੀ ਝਾੜ ਸੁੱਟੀ
ਧਰਤੀ ਪੁੰਗਰੀ, ਟਹਿਕੀਆਂ ਡਾਲੀਆਂ ਨੇ
ਰਾਹ ਰੋਕ ਲਏ ਛੱਪੜਾਂ ਟੋਭਿਆਂ ਨੇ
ਨਦੀਆਂ ਨਾਲਿਆਂ ਜੂਹਾਂ ਹੰਘਾਲੀਆਂ ਨੇ
ਧਾਈਂ ਉਸਰੇ, ਨਿੱਸਰੀ ਚਰ੍ਹੀ ਮੱਕੀ
ਤੇ ਕਪਾਹੀਂ ਨਾ ਜਾਣ ਸੰਭਾਲੀਆਂ ਨੇ

ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਗਿਆ ਹੈ। ਅਜੋਕੇ ਮਨੁੱਖ ਦੇ ਖਾਣ-ਪੀਣ, ਪਹਿਰਾਵਾ ਤੇ ਜੀਵਨ-ਜਾਂਚ ਵਿੱਚ ਵੱਡੀ ਤਬਦੀਲੀ ਆ ਗਈ ਹੈ। ਪਹਿਲਾਂ ਵਾਂਗ ਨਾ ਤੀਆਂ ਲੱਗਦੀਆਂ ਹਨ ਤੇ ਨਾ ਮਨਾਂ ਵਿੱਚ ਨੱਚਣ ਦਾ ਚਾਅ ਰਿਹਾ ਹੈ। ਇਸ ਵਿੱਚ ਵੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਧਰਤੀ ਦੀ ਖ਼ੁਸ਼ਹਾਲੀ, ਫ਼ਸਲਾਂ ਤੇ ਹਰਿਆਲੀ ਲਈ ਬਰਸਤਾ ਦੀ ਅੱਜ ਵੀ ਪਹਿਲਾਂ ਵਾਂਗ ਹੀ ਉਡੀਕ ਹੁੰਦੀ ਹੈ।



## ਹਲਕਾ-ਫੁਲਕਾ

ਜੱਜ (ਔਰਤ ਨੂੰ), ''ਤੁਸੀਂ ਆਪਣੀ ਸਫ਼ਾਈ ਵਿੱਚ ਕੁਝ ਕਹਿਣਾ ਹੈ?''
ਔਰਤ, '' ਮੈਂ ਕੀ ਬੋਲਾਂ, ਮੇਰੇ ਘਰ ਤਾਂ ਸਫ਼ਾਈ ਕੰਮ ਵਾਲੀ ਕਰਦੀ ਹੈ ਤਾਂ ਇਸ ਬਾਰੇ ਉਹ ਹੀ ਚੰਗੀ ਤਰ੍ਹਾਂ ਦਸ ਸਕਦੀ ਹੈ।''

********

ਇਕ ਕੰਜੂਸ ਆਦਮੀ ਆਪਣੇ ਦਾਦਾ ਜੀ ਦੀ ਮੌਤ ਦੀ ਸੂਚਨਾ ਦਾ ਇਸ਼ਤਿਹਾਰ ਦੇਣ ਅਖ਼ਬਾਰ ਦੇ ਦਫ਼ਤਰ ਗਿਆ।
ਕਲਰਕ, ''ਮੈਟਰ ਦੱਸੋ, 50 ਰੁਪਏ ਪ੍ਰਤੀ ਸ਼ਬਦ ਲੱਗਣਗੇ।''
ਕੰਜੂਸ ਆਦਮੀ, ''ਲਿਖੋ, 'ਦਾਦਾ ਜੀ ਮਰ ਗਏ।''
ਕਲਰਕ, ''ਸਰ, ਘੱਟੋ-ਘੱਟ ਛੇ ਸ਼ਬਦ ਚਾਹੀਦੇ ਹਨ।''
ਕੰਜੂਸ ਆਦਮੀ, ''ਲਿਖੋ, 'ਦਾਦਾ ਜੀ ਮਰ ਗਏ, ਵ੍ਹੀਲਚੇਅਰ ਫ਼ਾਰ ਸੇਲ'।

********

ਪੱਪੂ (ਦੋਸਤ ਨੂੰ), ''ਯਾਰ, ਪਹਿਲਾਂ ਮੈਨੂੰ ਲੱਗਦਾ ਸੀ ਕਿ ਮੈਂ ਸਾਰਾ ਕੰਮ ਸਹੀ ਢੰਗ ਨਾਲ ਕਰਦਾ ਹਾਂ ਤੇ ਮੇਰੇ ਕੋਲੋਂ ਕਦੀ ਵੀ ਕੋਈ ਗ਼ਲਤੀ ਨਹੀਂ ਹੋ ਸਕਦੀ।''
ਦੋਸਤ, ''ਹਾਂ ਤਾਂ ਫਿਰ ਕੀ ਹੋਇਆ?''
ਪੱਪੂ, ''ਫਿਰ ਮੇਰਾ ਵਿਆਹ ਹੋ ਗਿਆ ਤੇ ਮੇਰਾ ਇਹ ਵਹਿਮ ਵੀ ਦੂਰ ਹੋ ਗਿਆ।''

********

ਮੈਡੀਕਲ ਕਾਲਜ ਦੇ ਇੱਕ ਫੇਫੜਾ ਮਾਹਰ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਦੱਸ ਰਹੇ ਸਨ, ''ਮੇਰੀ ਰਾਏ ਹੈ ਕਿ ਜੋ ਵਿਅਕਤੀ ਰੋਜ਼ ਦੋ ਘੰਟੇ ਉਚੀ ਤੋਂ ਉੱਚੀ ਆਵਾਜ਼ ਵਿੱਚ ਗਾਏਗਾ, ਉਸ ਨੂੰ ਬੁਢਾਪੇ ਵਿੱਚ ਛਾਤੀ ਦੀ ਕਿਸੇ ਤਰ੍ਹਾਂ ਦੀ ਤਕਲੀਫ ਦੀ ਸ਼ਿਕਾਇਤ ਨਹੀਂ ਹੋਵੇਗੀ।''
ਕਲਾਸ ਦੇ ਵਿਦਿਆਰਥੀ ਨੇ ਕਿਹਾ, ''ਸ਼ਾਇਦ ਉਸ ਨੂੰ ਬੁਢਾਪੇ ਦਾ ਮੂੰਹ ਵੀ ਨਹੀਂ ਦੇਖਣਾ ਪਵੇਗਾ।''

*********

ਮਾਲਕ, ''ਤੂੰ ਬਿਲਕੁਲ ਗਧਾ ਏਂ। ਉਸ ਔਰਤ ਨਾਲ ਇੰਨੇ ਰੁੱਖੇਪਣ ਨਾਲ ਪੇਸ਼ ਆਇਐਂ ਕਿ ਉਹ ਬਿਨਾਂ ਕੁਝ ਖਰੀਦੇ ਚਲੀ ਗਈ।''
ਸੇਲਜ਼ਮੈਨ, ''ਜੀ, ਬਹੁਤ ਚੰਗਾ ਹੋਇਆ।''
ਮਾਲਕ, ''ਕਿਉਂ?''
ਸੇਲਜ਼ਮੈਨ, ''ਉਹ ਮੇਰੀ ਪਤਨੀ ਸੀ।''

# ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਔਰਤਾਂ

ਹਰਕੀਰਤ ਕੌਰ
9779118066

ਜਦੋਂ ਔਰਤ ਦੀ ਸਿਫ਼ਤ ਵਿੱਚ ਔਰਤ ਦੇ ਗੁਣਾਂ ਦਾ ਜ਼ਿਕਰ ਕਰਦੇ ਹਾਂ ਤਾਂ ਅਸੀਂ ਸਾਰੇ ਬਹੁਤ ਹੀ ਮਾਣ ਨਾਲ ਉਸਨੂੰ ਸ਼ਹਿਣਸ਼ੀਲਤਾ ਦੀ ਦੇਵੀ ਕਹਿ ਸਤਿਕਾਰਦੇ ਹਾਂ। ਕਿੰਨਾ ਵਧੀਆ ਲੱਗਦਾ ਹੈ ਸਮਾਜ ਨੂੰ ਔਰਤ ਦਾ ਸਭ ਕੁੱਝ ਚੁੱਪ ਚਾਪ ਸਹਿੰਦਿਆਂ ਦਾ ਰੂਪ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਾਡੇ ਸਮਾਜ ਵਿੱਚ ਉਹਨਾਂ ਔਰਤਾਂ ਨੂੰ ਸਾਊ, ਖਾਨਦਾਨੀ, ਇੱਜ਼ਤਦਾਰ ਤੇ ਸਿਆਣੀਆਂ ਹੋਣ ਦਾ ਖਿਤਾਬ ਦਿੱਤਾ ਜਾਂਦਾ ਹੈ, ਜੋ ਚੁੱਪ ਚਾਪ ਘਰਾਂ ਵਿੱਚ ਸਮਾਜ ਵਿੱਚ ਆਪਣੇ ਨਾਲ ਹੁੰਦੀਆਂ ਵਧੀਕੀਆਂ ਨੂੰ ਸਹਿੰਦੀਆਂ ਹੋਈਆਂ ਆਪਣੇ ਅਰਮਾਨਾਂ ਦਾ ਗਲਾ ਘੁੱਟਦੀਆਂ ਰਹਿਣ, ਜਿੰਨਾਂ ਲਈ ਆਪਣੇ ਸਵੈ ਦੀ ਕੋਈ ਮਹੱਤਤਾ ਨਹੀਂ ਹੈ ਅਤੇ ਜਿੰਨਾਂ ਨੇ ਕਦੇ ਆਪਣੇ ਲਈ ਜਿਉਣਾ ਸਿੱਖਿਆ ਹੀ ਨਹੀਂ।

ਅਸੀਂ ਭਾਵੇਂ ਕਿੰਨੇ ਵੀ ਦਾਅਵੇ ਕਰ ਲਈਏ ਕਿ ਔਰਤਾਂ ਦੀ ਹਾਲਤ ਸੁਧਰ ਗਈ ਹੈ। ਅੱਜ ਔਰਤ ਸੁਤੰਤਰ ਹੈ, ਸੁੱਰਖਿਅਤ ਹੈ, ਪਰ ਇਹ ਸੱਚ ਨਹੀਂ ਹੈ, ਕੈਮਰੇ ਦੀਆਂ ਅੱਖਾਂ, ਇੰਟਰਨੈੱਟ ਦੀ ਦੁਨੀਆਂ, ਅਖਬਾਰਾਂ ਦੀਆਂ ਸੁਰਖੀਆਂ ਦੀ ਪਹੁੰਚ ਤੋਂ ਦੂਰ ਬੈਠੀਆਂ ਅਜਿਹੀਆਂ ਪਤਾ ਨਹੀਂ ਕਿੰਨੀਆਂ ਕੁ ਔਰਤਾਂ ਹਨ ਜੋ ਅੱਜ ਵੀ ਨਿੱਤ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਜਿੰਨਾਂ ਦੇ ਘਰਾਂ ਵਿੱਚ ਅੱਜ ਵੀ ਔਰਤ ਸਿਰਫ਼ ਪੈਰ ਦੀ ਜੁੱਤੀ ਸਮਝੀ ਜਾਂਦੀ ਹੈ ਤੇ ਜਿੰਨਾਂ ਲਈ ਅੱਜ ਵੀ ਕੋਈ ਧਰਤੀ ਦਾ ਹਿੱਸਾ ਆਪਣਾ ਨਹੀਂ। ਹਜ਼ਾਰਾਂ ਲੱਖਾਂ ਅਜਿਹੀਆਂ ਔਰਤਾਂ ਹਨ ਜੋ ਨਿੱਤ ਸਰੀਰਕ ਤੇ ਮਾਨਸਿਕ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ।ਭਾਰਤ ਦੇ ਕਈ ਸੂਬੇ ਅਜਿਹੇ ਹਨ ਜਿੱਥੇ ਮਰਦਾਂ ਦੁਆਰਾ ਘਰ ਦੀਆਂ ਔਰਤਾਂ ਦਾ ਸਰੀਰਕ ਸ਼ੋਸ਼ਣ ਕਰਨਾ, ਮਾਰ ਕੁਟਾਈ ਕਰਨਾ ਉਹਨਾਂ ਦੇ ਨਿੱਤ ਦੇ ਕੰਮਾਂ ਵਿਚੋਂ ਇੱਕ ਹੈ।



ਪਹਿਲਾਂ ਪਹਿਲ ਘਰੇਲੂ ਹਿੰਸਾ ਗਾਲੀ ਗਲੋਚ ਤੋਂ ਸ਼ੁਰੂ ਹੁੰਦੀ ਹੈ, ਔਰਤ ਆਪਣੇ ਸਾਥੀ ਜਾਂ ਪਰਿਵਾਰਿਕ ਮੈਂਬਰਾਂ ਦਾ ਸਤਿਕਾਰ ਕਰਨਾ ਆਪਣਾ ਫਰਜ਼ ਸਮਝਦੀ ਹੋਈ ਕਦੇ ਵੀ ਇਸਦਾ ਵਿਰੋਧ ਨਹੀਂ ਕਰਦੀ ਅਤੇ ਨਾ ਇਸ ਬਾਰੇ ਕਦੇ ਸੋਚਦੀ , ਹੌਲੀ ਹੌਲੀ ਇਹ ਗਾਲੀ ਗਲੋਚ ਹੱਥ ਚੁੱਕਣ ਤੱਕ ਵੱਧ ਜਾਂਦਾ ਹੈ ਅਤੇ ਫਿਰ ਨਿੱਤ ਦੀ ਆਦਤ ਬਣ ਜਾਂਦਾ ਹੈ। ਬਹੁਤਾਤ ਔਰਤਾਂ ਇਸ ਹਿੰਸਾ ਨੂੰ ਆਪਣੇ ਬੱਚਿਆਂ, ਪਰਿਵਾਰ ਕਰਕੇ ਚੁੱਪ ਚਾਪ ਸਹਿੰਦੀਆਂ ਰਹਿੰਦੀਆਂ ਹਨ। ਭਾਰਤੀ ਸਮਾਜ ਦੀਆਂ ਰਵਾਇਤਾਂ ਅਨੁਸਾਰ ਇੱਕ ਲੜਕੀ ਦਾ ਵਿਆਹ ਜਿਸ ਪਰਿਵਾਰ ਵਿੱਚ ਹੋ ਜਾਂਦਾ ਹੈ, ਉਹੀ ਉਸਦਾ ਆਖਰੀ ਘਰ ਹੁੰਦਾ ਹੈ, ਚਾਹੇ ਉਹ ਕਿੰਨੇ ਵੀ ਮਾੜੇ ਹਲਾਤਾਂ ਵਿੱਚ ਜਾਂ ਸਰੀਰਕ ਜਾਂ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੋਵੇ, ਜਿਆਦਾਤਰ ਪਰਿਵਾਰਾਂ ਵੱਲੋਂ ਲੜਕੀਆਂ ਨੂੰ ਉਹਨਾਂ ਨਾਲ ਹੋਣ ਵਾਲੀਆਂ ਵਧੀਕੀਆਂ ਚੁੱਪ ਚਾਪ ਸਹਿਣ ਦੀ ਹੀ ਸਿੱਖਿਆ ਦਿੱਤੀ ਜਾਂਦੀ ਹੈ।

ਘਰੇਲੂ ਹਿੰਸਾ ਦੇ ਜਿਆਦਾਤਰ ਕਾਰਨ ਪਤੀ ਦਾ ਨਸ਼ੇ ਕਰਨਾ, ਬੇਟਿਆਂ ਦੀ ਚਾਹਤ , ਵਿਆਹ ਤੋਂ ਬਾਅਦ ਗੈਰ ਸੰਬੰਧ, ਸ਼ੱਕੀ ਸੁਭਾਅ, ਪਰਿਵਾਰਿਕ ਲੜਾਈ ਝਗੜੇ ਆਦਿ ਰਹਿੰਦੇ ਹਨ। ਇਹ ਸਿਰਫ਼ ਭਾਰਤੀ ਸਮਾਜ ਦੀ ਹੀ ਕਹਾਣੀ ਨਹੀਂ ਬਲਕਿ ਦੁਨੀਆਂ ਭਰ ਦੇ ਦੇਸ਼ਾਂ ਦੀ ਕਹਾਣੀ ਹੈ । ਏਥੋਂ ਤੱਕ ਕਿ ਅਮਰੀਕਾ, ਕਨੈਡਾ ਵਰਗੇ ਬਹੁਤ ਵਿਕਸਿਤ ਦੇਸ਼ਾਂ ਵਿੱਚ ਵੀ ਅਜਿਹੀਆਂ ਘਟਨਾਵਾਂ ਵੇਖਣ ਨੂੰ ਮਿਲਦੀਆਂ ਹਨ। ਕੁਝ ਦਿਨ ਪਹਿਲਾਂ ਅਮਰੀਕਾ ਦੇ ਇੱਕ ਸ਼ਹਿਰ ਵਿੱਚ ਪੰਜਾਬਣ ਲੜਕੀ ਦੁਆਰਾ ਘਰੇਲੂ ਹਿੰਸਾ ਤੋਂ ਤੰਗ ਆਕੇ ਆਤਮ ਹੱਤਿਆ ਕਰ ਲਈ ਗਈ, ਜੋ ਆਪਣੇ ਪਿੱਛੇ ਦੋ ਛੋਟੀਆਂ ਬੱਚੀਆਂ ਨੂੰ ਛੱਡ ਗਈ। ਇਸ ਲੜਕੀ ਦੇ ਮਾਰ ਕੁਟਾਈ ਦਾ ਕਾਰਣ ਬੇਟੇ ਦੀ ਇੱਛਾ ਸੀ।ਇਸ ਘਟਨਾ ਨੇ ਪੂਰੇ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ ਡਬਲਿਊ ਐੱਚ ਓ ( ਵਰਡ ਹੈੱਲਥ ਆਰਗਨਾਈਜ਼ੇਸ਼ਨ) ਦੁਆਰਾ ਯੂ ਐੱਨ ਓ ( ਯੂਨਾਈਟਡ ਨੈਸ਼ਨਜ ਆਰਗਨਾਈਜ਼ੇਸ਼ਨ) ਦੀ ਮਦਦ ਨਾਲ ਸਾਲ 2018 ਵਿੱਚ ਇੱਕ ਸਰਵੇਖਣ ਕੀਤਾ ਗਿਆ ਜਿਸ ਵਿੱਚ ਦੁਨੀਆਂ ਭਰ ਤੋਂ 161 ਦੇਸ਼ਾਂ ਦੀ ਸੂਚੀ ਤਿਆਰ ਕੀਤੀ ਗਈ,ਇਸ ਸਰਵੇਖਣ ਵਿੱਚ ਸਾਲ 2000 ਤੋਂ 2018 ਤੱਕ ਦੇ ਅੰਕੜੇ ਇਕੱਠੇ ਕੀਤੇ ਗਏ ਜਿੰਨਾਂ ਦੇ ਨਤੀਜਿਆਂ ਤੋਂ ਪਤਾ ਲੱਗਾ ਕਿ ਦੁਨੀਆਂ ਭਰ ਵਿੱਚ ਹਰ 3 ਔਰਤਾਂ ਵਿੱਚ ਇੱਕ ਔਰਤ ਘਰੇਲੂ ਹਿੰਸਾ ਦੀ ਸ਼ਿਕਾਰ ਹੋ ਰਹੀ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਵਿੱਚ 15 ਸਾਲ ਦੀਆਂ ਬੱਚੀਆਂ ਜੋ ਆਪਣੇ ਮਤਰਏ ਮਾਤਾ ਪਿਤਾ ਹੱਥੋਂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਤੋਂ ਲੈਕੇ 45 ਸਾਲ ਦੀ ਉਮਰ ਤੱਕ ਦੀਆਂ ਔਰਤਾਂ ਦੀ ਗਿਣਤੀ ਜਿਆਦਾ ਸ਼ਾਮਿਲ ਹੈ । ਦੁਨੀਆਂ ਭਰ ਵਿੱਚ ਔਰਤਾਂ ਦੇ ਹੋਣ ਵਾਲੇ ਕਤਲਾਂ ਵਿਚੋਂ 38% ਘਰੇਲੂ ਹਿੰਸਾ ਕਾਰਨ ਕੀਤੇ ਜਾਂਦੇ ਹਨ ।

ਅਜਿਹੀਆਂ ਘਟਨਾਵਾਂ ਜਿੱਥੇ ਔਰਤਾਂ ਦੇ ਅਸਹਿ ਦਰਦ ਨੂੰ ਬਿਆਨ ਕਰਦੀਆਂ ਹੋਈਆ ਔਰਤ ਜਾਤ ਦੇ ਸਵੈਭਿਮਾਨ ਨੂੰ ਠੇਸ ਪਹੁੰਚਾਉਂਦੀਆਂ ਹਨ ਉੱਥੇ ਬੱਚਿਆਂ ਦੇ ਮਾਨਸਿਕ ਸਿਹਤ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ, ਆਪਣੇ ਘਰ ਦੀਆਂ ਔਰਤਾਂ ਨੂੰ ਹਿੰਸਾ ਸਹਿੰਦਿਆਂ ਵੇਖਦੇ ਬੱਚੇ ਜਾਂ ਤੋਂ ਬਹੁਤ ਜਿਆਦੇ ਡਰੇ ਸਹਿਮੇ ਨਿਕਲਦੇ ਹਨ ਜਾਂ ਫਿਰ ਏਨੇ ਕੁ ਜਿਆਦਾ ਗੁਸੈਲੇ ਕਿ ਕਈ ਵਾਰ ਸਮਾਜ ਲਈ ਵੀ ਹਾਨੀਕਾਰਕ ਸਾਬਿਤ ਹੁੰਦੇ ਹਨ। ਇਸ ਤੋਂ ਇਲਾਵਾ ਸਮਾਜ ਉੱਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਅਤੇ ,ਸਮਾਜ ਦੇ ਮੱਥੇ ਤੇ ਹਿੰਸਕ ਸਮਾਜ ਦਾ ਧੱਬਾ ਲੱਗ ਜਾਂਦਾ ਹੈ ਅਤੇ ਆਮ ਲੋਕਾਂ ਲਈ ਸਵਾਲ ਖੜਾ ਹੋ ਜਾਂਦਾ ਹੈ ਕਿ ਆਖਰ ਕਿਉਂ ਅਸੀਂ ਇੱਕ ਚੰਗਾ ਤੇ ਸੱਭਿਅਕ ਸਮਾਜ ਸਿਰਜਣ ਵਿੱਚ ਅਸਫ਼ਲ ਰਹੇ ਹਾਂ।

ਅੱਜ ਲੋੜ ਹੈ ਅਜਿਹੇ ਲੋਕਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ। ਆਪਣੀਆਂ ਧੀਆਂ ਨੂੰ ਸਭ ਕੁਝ ਚੁੱਪ ਚਪੀਤੇ ਸਹਿਣ ਦੀ ਸਿੱਖਿਆ ਦੇਣ ਦੀ ਬਜਾਇ ਧੀਆਂ ਨੂੰ ਏਨੇ ਕਾਬਿਲ ਬਣਾਉਣ ਦੀ ਕਿ ਉਹ ਉਹਨਾਂ ਸਾਰੀਆਂ ਅਖੌਤੀ ਰਵਾਇਤਾਂ ਦੀਆਂ ਬਾਹਾਂ ਭੰਨ੍ਹ ਸਕਣ ਜੋ ਉਹਨਾਂ ਦੇ ਅਸਤਿਤ੍ਵ ਉੱਪਰ ਹਿੰਸਾ ਦੇ ਨਿਸ਼ਾਨ ਛੱਡਦੀਆਂ ਹਨ। ਲੋੜ ਹੈ ਮਾਪੇ,ਸਕੂਲਾਂ ਕਾਲਜਾਂ,ਅਖਬਾਰਾਂ ,ਰਸਾਲਿਆਂ ਰਾਹੀਂ ਔਰਤਾਂ ਨੂੰ ਉਹਨਾਂ ਦੇ ਹੱਕਾਂ ਤੇ ਆਪਣੀ ਸੁਰੱਖਿਆ ਲਈ ਅਵਾਜ਼ ਉਠਾਉਣ ਪ੍ਰੀ ਜਾਗਰੂਕ ਕਰਨ ਦੀ ।ਜੇਕਰ ਤੁਸੀਂ ਧਰਤੀ ਤੇ ਆਏ ਹੋ ਤਾਂ ਤੁਹਾਡਾ ਆਪਣਾ ਇੱਕ ਵਜੂਦ ਹੈ, ਹਰ ਔਰਤ ਨੂੰ ਸ਼ਾਨ ਨਾਲ ਜਿਊਣ ਦਾ ਹੱਕ ਹੈ, ਹੁਣ ਔਰਤ ਨੂੰ ਮਜਲੂਮ ਤੇ ਮਾਸੂਮ ਬਣ ਚੁੱਪ ਚਾਪ ਸਹਿਣ ਦੀ ਜਰੂਰਤ ਨਹੀਂ, ਆਓ ਆਪਣੇ ਆਪੇ ਲਈ ਆਪਣੀ ਢਾਲ ਆਪ ਬਣੀਏ ਤੇ ਹਰ ਸਮਾਜਿਕ ਬੁਰਾਈ ਦਾ ਸਾਹਮਣਾ ਕਰਦੇ ਹੋਏ ਇੱਕ ਸੱਭਿਅਕ ਸਮਾਜ ਸਿਰਜਣ ਵਿੱਚ ਆਪਣਾ ਯੋਗਦਾਨ ਪਾਈਏ।

# ਐਟਮੀ ਤਾਕਤ ਦੇ ਕਿੰਨੇ ਸਾਰੇ ਦਾਅਵੇਦਾਰ ਹੁੰਦਿਆਂ ਜੰਗਬਾਜ਼ ਹੋਣ ਦਾ ਸ਼ੌਕ ਘਾਣ ਕਰ ਸਕਦੈ ਮਨੁੱਖਤਾ ਦਾ






ਇਹ ਲਿਖਤ ਅਸੀਂਛੇ ਅਗਸਤ ਸਵੇਰੇ ਉੱਠ ਕੇ ਓਦੋਂ ਲਿਖਣੀ ਸ਼ੁਰੂ ਕੀਤੀ, ਜਦੋਂ ਦੂਰ ਪੂਰਬ ਦੇ ਦੇਸ਼ ਜਾਪਾਨ ਦੇਸ਼ਹਿਰ ਹੀਰੋਸ਼ੀਮਾ ਦੇ ਲੋਕ ਸਤੱਤਰ ਸਾਲ ਪੁਰਾਣੇ ਦਿਲ ਹਿਲਾਊ ਕਾਂਡ ਨੂੰ ਯਾਦ ਕਰਦੇ ਪਏ ਸਨ। ਉਸ ਦਿਨ ਹੋਏ ਇੱਕ ਐਟਮੀ ਤਜਰਬੇ ਕਾਰਨਹਜ਼ਾਰਾਂ ਲੋਕ ਮਾਰੇ ਗਏ ਸਨ। ਦੁਨੀਆ ਵਿੱਚ ਆਪਣੀ ਤਰ੍ਹਾਂ ਦਾ ਇਹ ਪਹਿਲਾ ਬੰਬ ਅਮਰੀਕਨ ਫੌਜ ਦੇ ਜਿਸ ਜਹਾਜ਼ ਨੇ ਸੁੱਟਿਆ ਸੀ, ਹੇਠਾਂ ਤਬਾਹੀ ਦੇ ਸੰਕੇਤ ਵੇਖ ਕੇ ਖੁਦ ਉਸ ਦੇ ਕੈਪਟਨ ਦੇ ਮੂੰਹੋਂ ਨਿਕਲਿਆ ਸੀ: 'ਜੋ ਕੁਝ ਵੇਖਿਆ ਹੈ, ਉਸ ਦਾ ਯਕੀਨ ਕਰਨਾ ਮੁਸ਼ਕਲ ਹੈ।' ਨਾਲ ਬੈਠੀ ਕਹਿਰ ਵਰ੍ਹਾਊ ਟੀਮ ਦੇ ਇੱਕ ਮੈਂਬਰ ਦੇ ਮੂੰਹੋਂ ਨਿਕਲਿਆ ਸੀ: 'ਓ ਰੱਬਾ!' ਇਸ ਦਾ ਮਤਲਬ ਹੈ ਕਿ ਜਿਨ੍ਹਾਂ ਨੇ ਇਹ ਐਟਮ ਬੰਬ ਸੁੱਟਿਆ ਸੀ ਤੇ ਤਬਾਹੀ ਮਚਾਈ ਸੀ, ਉਹ ਵੀ ਇਹ ਨਹੀਂ ਸੀ ਜਾਣਦੇ ਕਿ ਤਬਾਹੀ ਏਨੀ ਵੱਡੀ ਹੋਵੇਗੀ। ਸਿਰਫ ਤਿੰਨ ਦਿਨ ਲੰਘਣ ਮਗਰੋਂ ਏਸੇ ਅਮਰੀਕੀ ਫੌਜ ਨੇ ਇੱਕ ਹੋਰ ਜਾਪਾਨੀ ਸ਼ਹਿਰ ਨਾਗਾਸਾਕੀ ਉੱਤੇ ਏਦਾਂ ਦਾ ਦੂਸਰਾ ਬੰਬ ਜਾ ਸੁੱਟਿਆ ਅਤੇ ਜਿੰਨੀ ਤਬਾਹੀ ਏਥੇ ਹੋਈ ਸੀ, ਸ਼ਾਇਦ ਉਸ ਤੋਂ ਵੱਧ ਨਾਗਾਸਾਕੀ ਵਿੱਚ ਕਰ ਕੇ ਇਹ ਪਰਖ ਕੀਤੀ ਗਈ ਸੀ ਕਿ ਜਿਹੜਾ ਬੰਬ ਅਮਰੀਕੀਆਂ ਕੋਲ ਆ ਗਿਆ ਹੈ, ਇਸ ਦੇ ਅੱਗੇ ਕੋਈ ਟਿਕ ਨਹੀਂ ਸਕੇਗਾ। ਨਤੀਜਾ ਇਹ ਸੀ ਕਿ ਉਸ ਦਹਾਕੇ ਦੇ ਸ਼ੁਰੂ ਵਿੱਚ ਜਿਹੜੇ ਹੀਰੋਸ਼ੀਮਾ ਦੀ ਆਬਾਦੀ ਸਾਢੇ ਕੁ ਤਿੰਨ ਲੱਖ ਸੀ ਤੇ ਵਾਧੇ ਦੀ ਦਰ ਵੇਖਦਿਆਂ ਅਗਲੇ ਦਹਾਕੇ ਦੇ ਬਾਅਦ ਉਸ ਦੇ ਚਾਰ ਲੱਖ ਹੋ ਜਾਣ ਦੀ ਆਸ ਸੀ, ਇਹ ਬੰਬ ਸੁੱਟੇ ਜਾਣ ਦੇ ਇੱਕੋ ਸਾਲ ਵਿੱਚ ਘਟ ਕੇ ਡੇਢ ਲੱਖ ਤੋਂ ਹੇਠਾਂ ਆ ਡਿੱਗੀ ਅਤੇ ਮਸਾਂ ਇੱਕ ਲੱਖ ਸੈਂਤੀ ਹਜ਼ਾਰ ਲੋਕ ਓਥੇ ਰਹਿ ਗਏ ਸਨ। ਹਜ਼ਾਰਾਂ ਲੋਕ ਮਾਰੇ ਗਏ ਸਨ, ਹਜ਼ਾਰਾਂ ਹੋਰ ਸਰੀਰਕ ਪੱਖੋਂ ਪੱਕੇ ਨਾਕਾਰਾ ਹੋ ਕੇ ਹਸਪਤਾਲਾਂ ਵਿੱਚ ਜਾ ਪਏ ਸਨ ਅਤੇ ਬਾਕੀ ਦੇ ਹਜ਼ਾਰਾਂ ਲੋਕ ਕਾਰੋਬਾਰ ਤਬਾਹ ਹੋਣ ਅਤੇ ਘਰ ਢਹਿ ਜਾਣ ਕਾਰਨ ਸਿਰ ਉੱਤੇ ਛੱਤ ਤੇ ਦੋ ਡੰਗ ਦੇ ਖਾਣੇ ਦੀ ਭਾਲ ਵਿੱਚ ਸ਼ਹਿਰ ਤੋਂ ਨਿਕਲ ਗਏ ਸਨ। ਇਹੋ ਹਾਲ ਇਸ ਪਿੱਛੋਂ ਸੁੱਟੇ ਗਏ ਦੂਸਰੇ ਬੰਬ ਨਾਲ ਨਾਗਾਸਾਕੀ ਸ਼ਹਿਰ ਦਾ ਹੋਇਆ ਸੀ, ਜਿਸ ਦੇ ਵੇਰਵੇ ਪੜ੍ਹ ਕੇ ਕਲੇਜਾ ਮੂੰਹ ਨੂੰ ਆ ਜਾਂਦਾ ਹੈ।

ਇਨ੍ਹਾਂ ਦੋਵਾਂ ਸ਼ਹਿਰਾਂ ਉੱਤੇ ਬੰਬ ਸੁੱਟਣ ਵਾਲਿਆਂ ਨੇ ਕਿਹਾ ਸੀ ਕਿ ਜੰਗ ਵਿੱਚ ਜਾਪਾਨ ਨੂੰ ਨੱਥ ਪਾਉਣ ਤੇ ਦੂਸਰੀ ਜੰਗ ਮੁਕਾਉਣ ਲਈ ਇਹ ਬੰਬ ਸੁੱਟੇ ਸਨ। ਸੱਚਾਈ ਇਹ ਸੀ ਕਿ ਸੰਸਾਰ ਜੰਗ ਵਿੱਚ ਫਾਸ਼ੀਵਾਦੀ ਧੜੇ ਦਾ ਆਗੂ ਅਡੋਲਫ ਹਿਟਲਰ ਪੰਝੀ ਅਪਰੈਲ ਨੂੰ ਖੁਦਕੁਸ਼ੀ ਕਰ ਗਿਆ ਸੀ ਅਤੇ ਉਸ ਦਾ ਜੋਟੀਦਾਰ ਮੁਸੋਲਿਨੀ ਅਠਾਈ ਅਪਰੈਲ ਨੂੰ ਮਾਰਿਆ ਗਿਆ ਸੀ। ਬਾਕੀ ਜੰਗ ਕੋਈ ਖਾਸ ਨਹੀਂ ਸੀ ਰਹਿ ਗਈ ਅਤੇ ਕੁਝ ਦਿਨਾਂ ਵਿੱਚ ਮੁੱਕ ਜਾਣੀ ਸੀ। ਅਸਲ ਵਿੱਚ ਇਹ ਬੰਬ ਜੰਗ ਛੇਤੀ ਮੁਕਾਉਣ ਲਈ ਨਹੀਂ, ਉਹ ਜੰਗ ਮੁੱਕਣੋਂ ਪਹਿਲਾਂ ਪਰਖਣ ਲਈ ਸੁੱਟੇ ਗਏ ਸਨ, ਕਿਉਂਕਿ ਇੱਕ ਪਾਸੇ ਇਹ ਸੋਚ ਸੀ ਕਿ ਦੁਨੀਆ ਨੂੰ ਆਪਣੀ ਤਾਕਤ ਵਿਖਾਉਣੀ ਹੈ ਤੇ ਦੂਸਰੇ ਪਾਸੇ ਇਹ ਖਿਆਲ ਸੀ ਕਿ ਜੰਗ ਖਤਮ ਹੋ ਜਾਣ ਪਿੱਛੋਂ ਇਸ ਬੰਬ ਨੂੰ ਜ਼ਮੀਨੀ ਤੌਰ ਉੱਤੇ ਪਰਖਣ ਦਾ ਮੌਕਾ ਨਹੀਂ ਰਹਿ ਜਾਣਾ। ਮੁੱਕਦੀ ਜੰਗ ਦੇ ਸਿਰੇ ਉੱਤੇ ਇਸ ਬੰਬ ਦੀ ਪਰਖ ਦੇ ਖਿਆਲ ਨਾਲ ਦੋਵਾਂ ਸ਼ਹਿਰਾਂ ਦੇ ਕੁੱਲ ਮਿਲਾ ਕੇ ਦੋ ਲੱਖਜਾਂ ਉਸ ਤੋਂ ਵੱਧ ਲੋਕ ਮਾਰੇ ਗਏ ਤੇ ਅਗਲੀ ਪੀੜ੍ਹੀ ਦੇ ਕਿੰਨੇ ਲੋਕ ਇਸ ਬੰਬ ਦੇ ਅਸਰ ਵਾਲੀਆਂ ਬਿਮਾਰੀਆਂ ਲੈ ਕੇ ਜੰਮੇ ਸਨ, ਇਸ ਨਾਲ ਬੰਬ-ਬਾਜ਼ਾਂ ਦੀ ਮੋਹਰੀ ਧਿਰ ਅਮਰੀਕਾ ਨੂੰ ਕੋਈ ਫਰਕ ਨਹੀਂ ਸੀ ਪੈਂਦਾ। ਨਾ ਉਸ ਨੂੰ ਓਦੋਂ ਕੋਈ ਫਰਕ ਪੈਂਦਾ ਸੀ, ਨਾ ਅੱਜ ਪੈਂਦਾ ਨਜ਼ਰ ਆਉਂਦਾ ਹੈ।

ਅੱਜਕੱਲ੍ਹ ਅਸੀਂ ਇੱਕ ਪਾਸੇ ਰੂਸ ਤੇ ਯੂਕਰੇਨ ਦੀ ਜੰਗ ਚੱਲਦੀ ਵੇਖਦੇ ਹਾਂ, ਜਿਸ ਦੌਰਾਨ ਰੂਸ ਦੀ ਹਮਲਾਵਰੀ ਨੂੰ ਕੋਈ ਵੀ ਠੀਕ ਨਹੀਂ ਕਹੇਗਾ, ਪਰ ਇਹ ਗੱਲ ਫਿਰ ਆਪਣੀ ਥਾਂ ਹੈ ਕਿ ਇਸ ਜੰਗ ਦੇ ਹਾਲਾਤ ਅਮਰੀਕਾ ਅਤੇ ਉਸ ਦੇ ਨਾਟੋ ਗੱਠਜੋੜ ਵਾਲੇ ਦੇਸ਼ਾਂ ਨੇ ਬਣਾਏਸਨ। ਯੂਕਰੇਨ ਨੂੰ ਆਪਣੇ ਨਾਟੋ ਗੱਠਜੋੜ ਵਿੱਚ ਮਿਲਾਉਣ ਦੀ ਜ਼ਿਦ, ਜਿਸ ਕਾਰਨ ਯੂਕਰੇਨ ਦੀ ਰਾਖੀ ਦੇ ਬਹਾਨੇ ਰੂਸ ਦੀਆਂ ਜੜ੍ਹਾਂ ਲਾਗੇ ਐਟਮੀ ਮਿਜ਼ਾਈਲਾਂ ਬੀੜਨ ਦਾ ਇਰਾਦਾ ਸੀ, ਦੋਵਾਂ ਦੇਸ਼ਾਂ ਵਿਚਾਲੇ ਜੰਗ ਦਾ ਮਾਹੌਲ ਬਣਾਉਂਦੀ ਰਹੀ ਸੀ। ਹਾਲੇ ਉਹ ਜੰਗ ਸਿਰੇ ਨਹੀਂ ਲੱਗੀ ਕਿ ਤਾਈਵਾਨ ਨੂੰ ਚੁੱਕਣਾ ਦੇ ਕੇ ਉਸ ਨੂੰ ਚੀਨ ਨਾਲ ਲੜਨ ਨੂੰ ਉਕਸਾਇਆ ਜਾਣ ਲੱਗਾ ਹੈ। ਅਸੀਂ ਚੀਨ ਦੇ ਹਾਕਮਾਂ ਦੀਆਂ ਨੀਤੀਆਂ ਦੇ ਵਿਰੋਧੀ ਵੀ ਹੋਈਏ ਤਾਂ ਇਹ ਗੱਲ ਸੰਘੋਂ ਹੇਠਾਂ ਨਹੀਂ ਉੱਤਰਦੀ ਕਿ ਤਾਈਵਾਨ ਅਚਾਨਕ ਉਸ ਅਮਰੀਕਾ ਦੇ ਹਾਕਮਾਂ ਨੂੰ ਪਿਆਰਾ ਲੱਗਣ ਲੱਗ ਪਿਆ ਹੈ, ਜਿਨ੍ਹਾਂ ਨੇ ਕਿਸੇ ਸਮੇਂ ਰੂਸ ਨਾਲ ਵਿਰੋਧ ਕਾਰਨ ਖੁਦ ਚੀਨ ਨਾਲ ਨੇੜ ਕੀਤਾ ਅਤੇ ਤਾਈਵਾਨ ਨੂੰ ਅਣਗੌਲਿਆ ਕਰ ਦਿੱਤਾ ਸੀ। ਰੂਸ ਵਿੱਚ ਕਮਿਊਨਿਸਟ ਹਕੂਮਤ ਖਤਮ ਹੁੰਦੇ ਸਾਰ ਅਮਰੀਕਾ ਨੂੰ ਚੀਨ ਦੀ ਲੋੜ ਨਾ ਰਹੀ ਅਤੇ ਉਸ ਪਿੱਛੋਂ ਉਹ ਚੀਨ ਦੇ ਜੜ੍ਹੀਂ ਤੇਲ ਦੇਣ ਲਈ ਫਿਰ ਤਾਈਵਾਨ ਦੇ ਹੇਜਲੇ ਹੋਣ ਦੀ ਦੁਹਾਈ ਦੇਣ ਲੱਗ ਪਏ ਸਨ।

ਅਸੀਂ ਫਿਰ ਗੱਲ ਕਹਿ ਸਕਦੇ ਹਾਂ ਕਿ ਅਸੀਂ ਚੀਨ ਦੇ ਹਮਾਇਤੀ ਨਹੀਂ, ਪਰ ਇਤਹਾਸ ਦੇ ਵਰਕੇ ਪੜ੍ਹਨ ਦੀ ਲੋੜ ਹੈ, ਉਨ੍ਹਾਂ ਨੂੰ ਪਾੜਨ ਦੀ ਲੋੜ ਨਹੀਂ। ਇਤਿਹਾਸ ਦੱਸਦਾ ਹੈ ਕਿ ਕਿਸੇ ਸਮੇਂ ਚੀਨ ਵਿੱਚੋਂ ਜਦੋਂ ਚਿਆਂਗ ਕਾਈ ਸ਼ੈਕ ਵਾਲੀ ਧਿਰ ਲੋਕਾਂ ਦੇ ਉਭਾਰ ਤੋਂ ਡਰ ਕੇ ਤਾਈਵਾਨ ਨੂੰ ਭੱਜ ਗਈ, ਸੰਸਾਰ ਦੀ ਪੰਚਾਇਤ ਯੂ ਐੱਨ ਓ ਵਿੱਚਅਮਰੀਕਾ ਤੇ ਉਸ ਦੇ ਸਾਥੀਆਂ ਦੀ ਹਮਾਇਤ ਕਾਰਨ ਓਦੋਂ ਵੀ ਤਾਈਵਾਨ ਨੂੰ ਅਸਲੀ ਚੀਨ ਮੰਨਿਆ ਜਾਂਦਾ ਸੀ, ਜਦ ਕਿ ਉਨ੍ਹਾਂ ਨਾਲੋਂ ਅਜੋਕੇ ਚੀਨ ਦੀ ਆਬਾਦੀ ਓਦੋਂ ਵੀ ਕਈ ਗੁਣੀ ਸੀ। ਫਿਰ ਜਦੋਂ ਆਪਣੀ ਲੋੜ ਲਈ ਅਮਰੀਕੀ ਧਿਰ ਤਾਈਵਾਨ ਨੂੰ ਖੂੰਜੇ ਸੁੱਟਣ ਤੇ ਬੀਜਿੰਗ ਰਾਜਧਾਨੀ ਵਾਲੇ ਚੀਨ ਨੂੰ ਯੂ ਐੱਨ ਓ ਦਾ ਵੀਟੋ ਤਾਕਤ ਵਾਲਾ ਦੇਸ਼ ਬਣਾਉਣ ਦੀ ਹਮਾਇਤ ਵਿੱਚ ਆ ਖੜੋਤੀ ਤਾਂ ਚੀਨ ਦੀ ਖੁਸ਼ੀ ਲਈ ਅਮਰੀਕੀ ਰਾਸ਼ਟਰਪਤੀ ਉਸੇ ਵਾਂਗ 'ਵੰਨ ਚਾਈਨਾ ਪਾਲਿਸੀ' ਦੀ ਹਮਾਇਤ ਕਰਦੇ ਰਹੇ ਸਨ ਤੇ ਚੀਨ ਵੀ ਉਨ੍ਹਾਂ ਦੀ ਯਾਰੀ ਵਿੱਚ ਬਾਕੀ ਸਾਰੇ ਕਮਿਊਨਿਸਟ ਬਲਾਕ ਦਾ ਵਿਰੋਧੀ ਬਣ ਤੁਰਿਆ ਸੀ। ਯੂ ਐੱਨ ਓ ਦੀ ਵੀਟੋ ਤਾਕਤ ਵਾਲੀ ਮੈਂਬਰੀ ਚੀਨ ਨੂੰ ਦੇਂਦੇ ਸਮੇਂ ਤਾਈਵਾਨ ਨੂੰ ਯੂ ਐੱਨ ਦੀ ਮੈਂਬਰੀ ਤੋਂ ਕੱਢਣ ਵੇਲੇ ਉਸ ਨੂੰ ਯੂ ਐੱਨ ਦੀਆਂ ਸਾਰੀਆਂ ਜਥੇਬੰਦੀਆਂ ਤੋਂ ਵੀ ਕੱਢਿਆ ਗਿਆ ਸੀ। ਇਹੀ ਨਹੀਂ, ਉਸ ਵੇਲੇ ਯੂ ਐੱਨ ਓ ਦੇ ਸੈਕਟਰੀ ਜਨਰਲ ਊ ਥਾਂਟ ਨੇ ਇਸ ਬਾਰੇ ਮਤਾ ਪਾਸ ਹੋਣ ਦਾ ਐਲਾਨ ਕਰਨ ਦੇ ਭਾਸ਼ਣ ਵਿੱਚ ਕਿਹਾ ਸੀ ਕਿ ਅੱਜ ਤੋਂ ਤਾਈਵਾਨ ਨਾਂਅ ਦਾ ਕੋਈ ਵੱਖਰਾ ਦੇਸ਼ ਨਹੀਂ ਗਿਣਿਆ ਜਾਵੇਗਾ ਅਤੇ ਇਸ ਨੂੰ ਚੀਨ ਦਾ ਇੱਕ ਸੂਬਾ ਮੰਨਿਆ ਜਾਵੇਗਾ। ਇਸ ਤੋਂ ਸਾਫ ਹੈ ਕਿ ਅਸਲੀ ਚੀਨ ਦੋਵਾਂ ਵਿੱਚ ਕਿਸ ਨੂੰ ਮੰਨਣਾ ਹੈ, ਇਹ ਫੈਸਲਾ ਅੱਜ ਤੋਂ ਇਕਵੰਜਾ ਸਾਲ ਪਹਿਲਾਂ ਹੋ ਗਿਆ ਸੀ ਤੇ ਤਾਈਵਾਨ ਨੂੰ ਅੱਜ ਜੇ ਕੋਈ ਅਸਲੀ ਜਾਂ ਆਜ਼ਾਦ ਚੀਨ ਦੇਸ਼ ਮੰਨਣ ਦਾ ਨਾਟਕ ਕਰਦਾ ਹੈ ਤਾਂ ਉਹ ਸੰਸਾਰ ਦੀ ਸੱਥ ਯੂ ਐੱਨ ਓ ਦੇ ਉਸ ਵਕਤ ਦੇ ਮਤੇ ਦੀ ਉਲੰਘਣਾ ਕਰ ਕੇ ਸੰਸਾਰ ਦਾ ਮਾਹੌਲ ਵਿਗਾੜਨ ਦੇ ਰਾਹ ਪੈ ਗਿਆ ਹੈ। ਅਮਰੀਕਾ ਅਤੇ ਉਸ ਦੇ ਨਾਟੋ ਧੜੇ ਵਾਲੇ ਸਾਥੀ ਦੇਸ਼ਾਂ ਨੂੰ ਇਸ ਰਾਹ ਤੋਂ ਪਿੱਛੇ ਹਟਣਾ ਅਤੇ ਸੰਸਾਰ ਵਿੱਚ ਠੰਢ ਰੱਖਣੀ ਚਾਹੀਦੀ ਹੈ।

ਇਸ ਦਾ ਮਤਲਬ ਇਹ ਨਹੀਂ ਕਿ ਚੀਨ ਜੋ ਵੀ ਕਰੀ ਜਾਵੇ, ਉਸ ਵੱਲੋਂ ਸੰਸਾਰ ਦੇ ਦੇਸ਼ ਅੱਖਾਂ ਮੀਟ ਲੈਣ, ਉਸ ਦੇ ਹਰ ਗਲਤ ਕਦਮ ਦਾ ਵਿਰੋਧ ਕੀਤਾ ਜਾ ਸਕਦਾ ਹੈ, ਪਰ ਖਿਆਲ ਰੱਖਣ ਵਾਲੀ ਗੱਲ ਹੈ ਕਿ ਅੱਜ ਦਾ ਸੰਸਾਰ ਹਿਟਲਰ ਦੇ ਸਮੇਂ ਲੱਗੀ ਸੰਸਾਰ ਜੰਗ ਦੇ ਵਕਤ ਵਾਲਾ ਨਹੀਂ। ਉਸ ਜੰਗ ਦੇ ਮੁੱਕਣ ਤੱਕ ਸਿਰਫ ਅਮਰੀਕਾ ਕੋਲ ਐਟਮ ਬੰਬ ਹੋਣ ਦੀ ਝਲਕ ਹੀਰੋਸ਼ੀਮਾ ਤੇ ਨਾਗਾਸਾਕੀ ਦੀ ਤਬਾਹੀ ਨਾਲ ਮਿਲੀ ਸੀ। ਅੱਜ ਸਥਿਤੀ ਬਦਲ ਚੁੱਕੀ ਹੈ। ਸਾਡੇ ਭਾਰਤੀ ਲੋਕਾਂ ਵਿੱਚ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਬਿਹਾਰ ਤੇ ਉਸ ਦੇ ਨਾਲ ਜੁੜਦੇ ਕੁਝ ਰਾਜਾਂ ਵਿੱਚ ਬੰਬ ਰੇੜ੍ਹੀਆਂ ਉੱਤੇ ਰੱਖੇ ਕੱਦੂਆਂ ਵਾਂਗ ਵਿਕਦੇ ਫਿਰਦੇ ਹਨ। ਅੱਜ ਦੇ ਸੰਸਾਰ ਵਿੱਚ ਐਟਮ ਬੰਬ ਛੋਟੇ-ਛੋਟੇ ਦੇਸ਼ਾਂ ਕੋਲ ਪਹੁੰਚਣ ਦੇ ਬਾਅਦ ਉਹ ਆਪਣੀ ਔਕਾਤ ਵੇਖੇ ਬਿਨਾਂ ਲਲਕਾਰੇ ਮਾਰਦੇ ਫਿਰਦੇ ਹਨ। ਪਾਕਿਸਤਾਨ ਵਰਗਾ ਦੇਸ, ਜਿਸ ਦੀ ਸਰਕਾਰ ਕੋਲ ਆਪਣੇ ਰੋਜ਼ ਦੇ ਕੰਮ ਚਲਾਉਣ ਨੂੰ ਚਾਰ ਪੈਸਿਆਂ ਦਾ ਜੁਗਾੜ ਨਹੀਂ ਤੇ ਜਿਸ ਦੇ ਹਾਕਮ ਠੂਠਾ ਫੜ ਕੇ ਸੰਸਾਰ ਦੇ ਦੇਸ਼ਾਂ ਤੋਂ ਚੰਦ ਡਾਲਰਾਂ ਦੀ ਖੈਰਾਤ ਮੰਗਣ ਚੜ੍ਹੇ ਰਹਿੰਦੇ ਹਨ, ਉਹ ਵੀ ਗਵਾਂਢੀ ਦੇਸ਼ਾਂ ਨੂੰ ਹਰ ਮੌਕੇ ਦਬਕੇ ਮਾਰਦਾ ਹੈ ਕਿ ਉਸ ਕੋਲ ਐਟਮ ਬੰਬ ਹੈ। ਉਸ ਦੇ ਇੱਕ ਕੈਬਨਿਟ ਮੰਤਰੀ ਨੇ ਦੋ ਸਾਲ ਪਹਿਲਾਂ ਇਹ ਵੀ ਕਿਹਾ ਸੀ ਕਿ ਪਾਕਿਸਤਾਨ ਕੋਲ ਪਾਈਆ-ਪਾਈਆ ਦੇ ਐਟਮ ਬੰਬ ਹਨ, ਜਿਹੜੇ ਭਾਰਤ ਵਿਰੁੱਧ ਵਰਤੇ ਜਾ ਸਕਦੇ ਹਨ। ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜਦੋਂ ਪਾਈਆ-ਪਾਈਆ ਦੇ ਐਟਮ ਬੰਬਾਂ ਦੀਆਂ ਛੁਰਲੀਆਂ ਛੱਡਣ ਵਾਲੇ ਦੇਸ਼ ਵੀ ਆਪਣੇ ਆਪ ਨੂੰ ਰਾਣੀ ਖਾਂ ਦੇ ਰਿਸ਼ਤੇਦਾਰ ਸਮਝਦੇ ਹਨ ਤਾਂ ਅੱਜ ਦੇ ਯੁੱਗ ਵਿੱਚ ਜੰਗਾਂ ਵਾਲਾ ਸ਼ੌਕ ਕਿਸੇ ਦਿਨ ਸੰਸਾਰ ਦੀ ਸਮੁੱਚੀ ਮਨੁੱਖਤਾ ਦੇ ਘਾਣ ਦਾ ਕਾਰਨ ਵੀ ਬਣ ਸਕਦਾ ਹੈ। ਹੀਰੋਸ਼ੀਮਾ ਜਾਂ ਦੂਸਰੇ ਤਬਾਹ ਹੋਏ ਸ਼ਹਿਰ ਨਾਗਾਸਾਕੀ ਦੇ ਲੋਕਾਂ ਨੂੰ ਪੁੱਛ ਲੈਣਾ ਚਾਹੀਦਾ ਹੈ ਕਿ ਐਟਮੀ ਬੰਬਾਂ ਦੀ ਮਾਰ ਦਾ ਕੀ ਅਰਥ ਹੁੰਦਾ ਹੈ ਅਤੇ ਜੇ ਅੱਜ ਦੇ ਯੁੱਗ ਵਿੱਚ ਇਹੋ ਜਿਹੀ ਜੰਗ ਛਿੜ ਗਈ ਤਾਂ ਭੱਜਦਿਆਂ ਨੂੰ ਵਾਹਣ ਸਾਰਿਆਂ ਨੂੰ ਇੱਕੋ ਜਿਹਾ ਹੋ ਸਕਦਾ ਹੈ। ਭਵਿੱਖ ਦੀ ਚਿੰਤਾ ਕਰਨੀ ਚਾਹੀਦੀ ਹੈ।

## ਵਿਦੇਸ਼ਾਂ 'ਚ ਪੜ੍ਹਨ ਗਏ ਬੱਚਿਆਂ ਦੇ ਮਾਪੇ ਸਾਵਧਾਨ ਰਹਿਣ, ਠੱਗਾਂ ਵੱਲੋਂ ਤੁਹਾਡੇ ਕੋਲੋਂ ਇਸ ਢੰਗ ਨਾਲ 'ਠੁੰਗੇ' ਜਾ ਸਕਦੇ ਹਨ ਲੱਖਾਂ ਰੁਪਏ...





ਮਨਦੀਪ ਖੁਰਮੀ ਹਿੰਮਤਪੁਰਾ

ਜੇਕਰ ਤੁਹਾਡਾ ਬੱਚਾ ਜਾਂ ਬੱਚੇ ਵਿਦੇਸ਼ 'ਚ ਪੜ੍ਹਦੇ ਹਨ ਤਾਂ ਇਸ ਲਿਖਤ ਰਾਹੀਂ ਤੁਹਾਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਸਾਵਧਾਨ ਰਹੋ ਤਾਂ ਕਿ ਕੋਈ ਠੱਗ ਤੁਹਾਡੀ ਖੂਨ ਪਸੀਨੇ ਦੀ ਕਮਾਈ ਨੂੰ 'ਠੁੰਗ' ਕੇ ਤਿੱਤਰ ਨਾ ਹੋ ਜਾਵੇ।

ਮਾਮਲਾ ਇਹ ਸਾਹਮਣੇ ਆਇਆ ਹੈ ਕਿ ਠੱਗਾਂ ਵੱਲੋਂ ਵਿਦੇਸ਼ਾਂ 'ਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਤੱਕ ਪਹੁੰਚ ਬਣਾ ਕੇ ਉਹਨਾਂ ਨੂੰ ਫੋਨ ਰਾਹੀਂ ਕਿਹਾ ਜਾਂਦਾ ਹੈ ਕਿ ਉਹਨਾਂ ਦੇ ਲੜਕੇ ਜਾਂ ਲੜਕੀ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੋਇਆ ਹੈ। ਅਸੀਂ ਵਕੀਲ ਦੀ ਤਰਫੋਂ ਜਾਂ ਖੁਦ ਵਕੀਲ ਬੋਲ ਰਹੇ ਹਾਂ। ਜਮਾਨਤੀ ਫੀਸ ਵਜੋਂ 5 ਤੋਂ 10 ਲੱਖ ਰੁਪਏ ਭਾਰਤੀ ਕਰੰਸੀ ਦੀ ਮੰਗ ਕੀਤੀ ਜਾਂਦੀ ਹੈ ਤਾਂ ਕਿ ਜਮਾਨਤ ਜਾਂ ਸਕਿਉਰਟੀ ਲਈ ਰਾਸ਼ੀ ਜਮਾਂ ਕਰਵਾਈ ਜਾ ਸਕੇ। ਇੱਕ ਸੱਚੀ ਵਾਪਰੀ ਘਟਨਾ ਆਪ ਸਭ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ ਤਾਂ ਕਿ ਕੋਈ ਲੁੱਟੇ ਜਾਣ ਤੋਂ ਬਚ ਜਾਵੇ। ਹੋਇਆ ਇਉਂ ਕਿ ਬਲਵੰਤ ਸਿੰਘ (ਫਰਜ਼ੀ ਨਾਮ) ਦੇ ਫੋਨ 'ਤੇ ਘੰਟੀ ਵੱਜਦੀ ਹੈ। ਪੈਂਦੀ ਸੱਟੇ ਵਿਦੇਸ਼ ਗਏ ਪੁੱਤਰ ਦਾ ਨਾਮ, ਕੋਰਸ, ਕਾਲਜ, ਸ਼ਹਿਰ ਦੀ ਜਾਣਕਾਰੀ ਬਲਵੰਤ ਸਿੰਘ ਨਾਲ ਸਾਂਝੀ ਕਰਕੇ ਦੱਸਿਆ ਜਾਂਦਾ ਹੈ ਕਿ ਉਹਨਾਂ ਦੇ ਲੜਕੇ ਨੂੰ ਨਸ਼ਾ ਤਸਕਰੀ ਦੇ ਕੇਸ ਵਿੱਚ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਅਸੀਂ ਉਸ ਦੇ ਵਕੀਲ ਦੇ ਦਫਤਰ ਵੱਲੋਂ ਗੱਲ ਕਰ ਰਹੇ ਹਾਂ। ਤੁਸੀਂ ਲੜਕੇ ਦੇ ਫੋਨ 'ਤੇ ਭੁੱਲ ਕੇ ਵੀ ਕਾਲ ਨਹੀਂ ਕਰਨੀ, ਅਜਿਹਾ ਨਾ ਹੋਵੇ ਕਿ ਉਹ ਹੋਰ ਵਧੇਰੇ ਮੁਸ਼ਕਿਲ ਵਿੱਚ ਫਸ ਜਾਵੇ। ਪੁਲਿਸ ਵੱਲੋਂ ਉਹਦੀ ਹਰ ਕਾਲ ਰਿਕਾਰਡ ਕੀਤੀ ਜਾ ਰਹੀ ਹੈ।

ਇੰਨਾ ਸੁਣਨ ਸਾਰ ਹੀ ਪਿਓ ਨੂੰ ਠੰਢੀਆਂ ਤਰੇਲੀਆਂ ਆਉਣ ਲਗਦੀਆਂ ਹਨ। ਫੋਨ ਕਰਨ ਵਾਲੇ ਭਾਈ ਨੂੰ ਹੱਲ ਪੁੱਛਿਆ ਤਾਂ ਉਸਨੇ ਸਿੱਧੀ ਸਿੱਧੀ ਬਾਤ ਮੁਕਾ ਦਿੱਤੀ ਕਿ ਸਿਰਫ ਚਾਰ ਘੰਟੇ ਦੇ ਅੰਦਰ ਅੰਦਰ ਜੇ 5 ਲੱਖ ਰੁਪਏ ਦਾ ਬੰਦੋਬਸਤ ਨਾ ਕੀਤਾ ਗਿਆ ਤਾਂ ਗੱਲ ਡਿਪੋਰਟ ਹੋਣ ਤੱਕ ਪਹੁੰਚ ਸਕਦੀ ਹੈ। ਫੋਨ ਕਰਨ ਵਾਲਾ ਆਦਮੀ ਫੋਨ 'ਤੇ ਲਗਾਤਾਰ ਗੱਲ ਕਰ ਰਿਹਾ ਹੈ, ਸਲਾਹਾਂ ਦੇ ਰਿਹਾ ਹੈ ਕਿ ਜੇਕਰ ਖੜ੍ਹੇ ਪੈਰ ਕਿਸੇ ਕੋਲੋਂ ਉਧਾਰੇ ਪੈਸੇ ਫੜ੍ਹਨੇ ਹਨ ਤਾਂ ਕਿਸੇ ਹੋਰ ਫੋਨ ਤੋਂ ਗੱਲ ਕਰੋ। ਬਹੁਤ ਹੀ ਪ੍ਰੇਸ਼ਾਨੀ ਭਰੇ ਮਾਹੌਲ ਵਿੱਚ ਤਿੰਨ ਕੁ ਘੰਟਿਆਂ 'ਚ ਪੈਸਿਆਂ ਦਾ ਬੰਦੋਬ-ਸਤ ਹੋ ਜਾਂਦਾ ਹੈ ਤਾਂ ਪੰਜਾਬ 'ਚ ਹੀ ਕਿਸੇ ਬੰਦੇ ਦੇ ਖਾਤੇ 'ਚ ਪੈਸੇ ਟਰਾਂਸਫਰ ਕਰਨ ਨੂੰ ਕਿਹਾ ਜਾਂਦਾ ਹੈ। ਅੰਤ ਬੈਂਕ ਪਹੁੰਚ ਕੇ ਪੈਸੇ ਵੀ ਟਰਾਂਸਫਰ ਹੋ ਜਾਂਦੇ ਹਨ।

ਮਾਂ ਪਿਓ ਤੇ ਰਿਸ਼ਤੇਦਾਰ ਮੁੰਡੇ ਨੂੰ ਫੋਨ ਕਰਨੋਂ ਵੀ ਡਰਦੇ ਹਨ ਕਿ ਫੋਨ ਰਿਕਾਰਡ ਨਾ ਹੋ ਜਾਵੇ। ਅਚਾਨਕ ਬਲਵੰਤ ਸਿੰਘ ਦੇ ਦਿਮਾਗ 'ਚ ਗੱਲ ਆਉਂਦੀ ਹੈ ਕਿ ਕਿਉਂ ਨਾ ਲੜਕੇ ਦੇ ਦੋਸਤ ਨੂੰ ਫੋਨ ਕਰਕੇ ਪੁੱਛਿਆ ਜਾਵੇ? ਜਿਉਂ ਹੀ ਦੋਸਤ ਨੂੰ ਫੋਨ ਕੀਤਾ, ਬਹੁਤ ਖੁਸ਼ ਹੋ ਕੇ ਗੱਲ ਕੀਤੀ। ਬੇਟੇ ਬਾਰੇ ਪੁੱਛਿਆ ਤਾਂ ਉਹਨੇ ਦੱਸਿਆ ਕਿ ਉਹਨਾਂ ਦਾ ਬੇਟਾ ਤਾਂ ਦਸ ਮਿੰਟ ਪਹਿਲਾਂ ਹੀ ਉਹਦੇ ਘਰੋਂ ਹੀ ਬੈਠਾ ਗਿਆ ਹੈ।

ਫਿਰ ਬੈਂਕ ਨਾਲ ਸੰਪਰਕ ਕਰਕੇ "ਵੱਜ ਚੁੱਕੀ ਠੱਗੀ" ਨੂੰ ਰੋਕਣ ਲਈ ਹੱਥ ਪੈਰ ਮਾਰੇ ਜਾਂਦੇ ਹਨ ਪਰ ਓਦੋਂ ਨੂੰ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਪੈਸਾ ਹਜ਼ਮ, ਖੇਡ ਖਤਮ।

ਸੋ ਦੋਸਤੋ, ਜਿਵੇਂ ਫੇਸਬੁੱਕ 'ਤੇ ਤੁਹਾਡਾ ਜਾਅਲੀ ਅਕਾਊਂਟ ਬਣਾ ਕੇ ਤੁਹਾਡੇ ਦੋਸਤਾਂ ਕੋਲੋਂ ਪੈਸਿਆਂ ਦੀ ਮੰਗ ਕਰਨ ਦਾ ਢਕਵੰਜ ਪੂਰੇ ਜ਼ੋਰਾਂ 'ਤੇ ਚੱਲ ਚੁੱਕਿਆ ਹੈ, ਹੁਣ ਉੱਪਰ ਸੁਣਾਈ ਵਾਰਤਾ ਵਾਲਾ ਫੰਡਾ ਤੁਹਾਡੇ 'ਤੇ ਵੀ ਵਰਤਿਆ ਜਾ ਸਕਦਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਵਿਦੇਸ਼ਾਂ 'ਚ ਪੜ੍ਹਨ ਗਏ ਬੱਚਿਆਂ ਦੇ ਪਰਿਵਾਰ ਦੇ ਫੋਨ ਨੰਬਰ, ਪਿੰਡ ਪਤਾ, ਬੱਚੇ ਦਾ ਨਾਂ, ਵਿਦੇਸ਼ ਵਾਲੇ ਕਾਲਜ, ਕੋਰਸ, ਸ਼ਹਿਰ ਤੱਕ ਦੀ ਜਾਣਕਾਰੀ ਲੀਕ ਕਿੱਥੋਂ ਹੋਈ ਹੋਵੇਗੀ ਜਾਂ ਹੁੰਦੀ ਹੋਵੇਗੀ?? ਇਹ ਦਿਮਾਗ ਤੁਸੀਂ ਖੁਦ ਲੜਾਉਣਾ ਹੈ ਤੇ ਨਾਲ ਹੀ ਇਸ ਵਾਰਤਾ ਦਾ ਜ਼ਿਕਰ ਆਪਣੇ ਪਰਿਵਾਰ ਵਿੱਚ ਬੈਠ ਕੇ ਹਰ ਜੀਅ ਨਾਲ, ਰਿਸ਼ਤੇਦਾਰਾਂ, ਦੋਸਤਾਂ ਨਾਲ ਜ਼ਰੂਰ ਕਰੋ ਤਾਂ ਕਿ ਠੱਗ ਕਿਸੇ ਦੀ ਵੀ ਜੇਬ ਨੂੰ ਥੁੱਕ ਨਾ ਲਾ ਜਾਣ। ਇਸ ਜਾਣਕਾਰੀ ਨੂੰ ਆਪਣੇ ਦਾਇਰੇ ਵਿੱਚ ਜ਼ਰੂਰ ਫੈਲਾਓ ਤਾਂ ਕਿ ਠੱਗ ਨੰਗੇ ਕੀਤੇ ਜਾ ਸਕਣ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਅਤੇ ਦਮਦਮੀ ਟਕਸਾਲ ਦਾ 316ਵਾਂ ਸਥਾਪਨਾ ਦਿਵਸ

- ਪ੍ਰੋ:ਸਰਚਾਂਦ ਸਿੰਘ ਖਿਆਲਾ

ਕਲਗੀਧਰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਵਰੋਸਾਈ ਹੋਈ ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਦਮਦਮੀ ਟਕਸਾਲ' ਨੇ 316 ਵਰ੍ਹੇ ਪੂਰੇ ਕਰ ਲਏ ਹਨ। ਦਮਦਮੀ ਟਕਸਾਲ ਅਠਾਰ੍ਹਵੀਂ ਸਦੀ ਤੋਂ ਲੈ ਕੇ ਅੱਜ ਤਕ ਆਪਣੀ ਸਥਾਪਨਾ ਦੇ ਉਦੇਸ਼ਾਂ ਦੀ ਪੂਰਤੀ ਹਿਤ ਗੁਰਬਾਣੀ ਦੇ ਅਦਬ ਸਤਿਕਾਰ ਨੂੰ ਸੇਵਾ ਅਤੇ ਸ਼ਰਧਾ ਭਾਵਨਾ ਨਾਲ ਨਿਭਾਉਂਦਿਆਂ ਗੁਰਬਾਣੀ ਅਤੇ ਗੁਰਸਿੱਖੀ ਦਾ ਪ੍ਰਚਾਰ ਪ੍ਰਸਾਰ, ਗੁਰ ਇਤਿਹਾਸ, ਰਹਿਤ ਮਰਿਆਦਾ ਦੇ ਸੰਪੂਰਨ ਨਿਯਮਾਂ, ਸੰਗਤ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਉਣ ਅਤੇ ਗੁਰਬਾਣੀ ਦਾ ਸ਼ੁੱਧ ਉਚਾਰਨ, ਗੁਰਬਾਣੀ ਦੇ ਅਨੁਭਵੀ ਅਰਥ, ਅੰਤਰੀਵ ਅਰਥ, ਅੱਖਰੀ ਅਰਥ ਅਤੇ ਭਾਵ ਅਰਥਾਂ ਦੇ ਵਡਮੁੱਲੇ ਖ਼ਜ਼ਾਨੇ ਨੂੰ ਸੀਨੇ ਬਸੀਨੇ ਸੰਭਾਲੀ ਰੱਖਿਆ ਹੈ। ਦਮਦਮੀ ਟਕਸਾਲ ਨੇ ਨਾ ਸਿਰਫ਼ ਪਾਠੀ, ਗਿਆਨੀ, ਰਾਗੀ, ਪ੍ਰਚਾਰਕ ਤੇ ਕਥਾਵਾਚਕ ਹੀ ਪੈਦਾ ਕੀਤੇ, ਸ਼ਹੀਦਾਂ ਦੀ ਇਹ ਮਹਾਨ ਜਥੇਬੰਦੀ ਨੇ ਦੇਸ਼ ਕੌਮ ਅਤੇ ਮਾਨਵੀ ਸਰੋਕਾਰਾਂ ਲਈ ਹਕੂਮਤਾਂ ਨਾਲ ਜ਼ਬਰਦਸਤ ਲੋਹਾ ਲੈਣ ਵਰਗੇ ਸਿਆਸੀ ਖੇਤਰ 'ਚ ਪਾਏ ਯੋਗਦਾਨ ਸਦਕਾ ਵਿਸ਼ਵ 'ਚ ਆਪਣੀ ਇੱਕ ਵਿਲੱਖਣ ਪਛਾਣ ਬਣਾਈ।

ਦਮਦਮੀ ਟਕਸਾਲ ਦੀ ਸਥਾਪਨਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਉਪਰੰਤ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 7 ਅਗਸਤ 1706 ਨੂੰ ਕੀਤੀ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਪਹਿਲਾ ਮੁਖੀ ਥਾਪਿਆ ਗਿਆ।

ਸਿੱਖ ਇਤਿਹਾਸ 'ਚ ਇਹ ਪ੍ਰਚਲਿਤ ਹੈ ਕਿ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਨਿਵਾਸ ਦੌਰਾਨ ਇਕ ਪ੍ਰੇਮੀ ਸਿੰਘ ਬੜੀ ਸ਼ਰਧਾ ਭਾਵਨਾ ਨਾਲ ਨਿੱਤਨੇਮ ਕਰ ਰਿਹਾ ਸੀ। 'ਦੱਖਣੀ ਓਅੰਕਾਰ' ਦੀ ਬਾਣੀ ਪੜ੍ਹਦਿਆਂ ਜਦੋਂ ਪੰਗਤੀ 'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ॥'' (ਅੰਗ ੯੩੦) ਆਈ ਤਾਂ ਪ੍ਰੇਮੀ ਸਿੰਘ ਗਲਤੀ ਨਾਲ 'ਕੈ'' ਦੀ ਜਗ੍ਹਾ ''ਕੇ'' ਪੜ੍ਹ ਗਿਆ। ਇਹ ਸੁਣ ਕੇ ਮਹਿਲਾਂ ਵਿਚ ਸਜੇ ਬੈਠੇ ਸਤਿਗੁਰੂ ਜੀ ਨੇ ਦੋ ਵਾਰੀ ਉਚੀ ਆਵਾਜ਼ ਵਿਚ ਪ੍ਰੇਮੀ ਨੂੰ ਸ਼ੁੱਧ ਪਾਠ ਕਰਨ ਲਈ ਕਿਹਾ। ਸਿੰਘ ਬਾਣੀ ਪੜ੍ਹਨ ਵਿਚ ਮਸਤ ਸੀ, ਆਵਾਜ਼ ਨਾ ਸੁਣੀ ਅਤੇ ਉਸੇ ਤਰ੍ਹਾਂ ਹੀ ਪੜ੍ਹੀ ਗਿਆ ਤਾਂ ਹਜ਼ੂਰ ਨੇ ਇਕ ਸਿੰਘ ਭੇਜ ਕੇ ਤਾੜਨਾ ਕਰਵਾਈ ਤੇ ਚਾਟਾਂ ਮਰਵਾਈਆਂ। ਉਸੇ ਦਿਨ ਹੀ ਉਸ ਸਿੰਘ ਨੇ ਸਵੇਰ ਦੇ ਦੀਵਾਨ ਵਿਚ ਆ ਕੇ ਬੇਨਤੀ ਕੀਤੀ ਕਿ, ਸਤਿਗੁਰੂ ਜੀ ! ਜੇ ਆਪ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਰੂਪ ਗੁਰਬਾਣੀ ਪੜ੍ਹਦਿਆਂ ਤਮਾਚੇ ਵੀ ਵੱਜਦੇ ਹਨ, ਤਾਂ ਫਿਰ ਸਾਡੀ ਕਲਿਆਣ ਕਿਵੇਂ ਹੋਵੇਗੀ। ਸਤਿਗੁਰੂ ਜੀ, ਤੁਹਾਡੇ ਡਿਉੜ੍ਹੀਦਾਰ ਨੇ ਮਾਰ ਪਾਈ ਹੈ।'' ਸੁਣ ਕੇ ਸਤਿਗੁਰੂ ਜੀ ਨੇ ਕਿਹਾ, ''ਸਿੰਘਾ ! ਗੁਰਬਾਣੀ ਸਾਡੇ ਅੰਗ ਹਨ। ਤੂੰ ਗੁਰਬਾਣੀ ਗ਼ਲਤ ਪੜ੍ਹਦਾ ਸੀ। ਸਾਨੂੰ ਜੋ ਖੇਦ ਗੁਰਬਾਣੀ ਗ਼ਲਤ ਪੜ੍ਹਨ ਤੋਂ ਹੋਇਆ ਹੈ, ਤੈਨੂੰ ਚਪੇੜਾਂ ਨਾਲ ਨਹੀਂ ਹੋਇਆ।"

ਇਹ ਸੁਣ ਕੇ ਸਿੰਘ ਨੇ ਨਿਮਰਤਾ ਨਾਲ ਗਲਤੀ ਬਾਰੇ ਪੁੱਛਿਆ ਤਾਂ ਸਤਿਗੁਰੂ ਜੀ, ਕ੍ਰਿਪਾ ਦੇ ਘਰ ਆਏ ਅਤੇ 'ਦੱਖਣੀ ਓਅੰਕਾਰ' ਦੀ ਉਹੀ ਤੁਕ ਪੜ੍ਹਨ ਲਈ ਕਿਹਾ, ਦੁਬਾਰਾ ਉਸ ਨੇ 'ਕੈ'' ਦੀ ਜਗ੍ਹਾ ਕੇ' ਹੀ ਪੜ੍ਹਿਆ, ਤਾਂ ਹਜ਼ੂਰ ਨੇ ਕਿਹਾ ਇਹ ਅੱਖਰ ਨੂੰ ਗ਼ਲਤ ਪੜ੍ਹਿਆ ਹੈ ਜਿਸ ਕਰਕੇ ਅਰਥ ਦਾ ਉਲਟਾ ਅਨਰਥ ਹੋ ਗਿਆ ਹੈ। ਭਾਵ ਗ਼ਲਤ ਹੋ ਗਿਆ ਹੈ। ਕਿਉਂਕਿ ਇਸ ਪੰਗਤੀ ਦਾ ਠੀਕ ਅਰਥ ਇਹ ਹੈ ਕਿ 'ਕਰਤੇ' ਵਾਹਿਗੁਰੂ ਦੀ ਮਰਿਆਦਾ ਨੂੰ ਕਰਤਾ ਆਪ, ਜਾਣਦਾ ਹੈ (ਕੈ) ਅਥਵਾ ਗੁਰੂ ਸੂਰਮੇ ਜਾਣਦੇ ਹਨ। ਪਰ (ਕੇ) ਦਾ ਅਰਥ ਹੈ ਕੀ ਸਤਿਗੁਰੂ ਸੂਰਮੇ (ਕੇ) ਕੀ ਜਾਣਦੇ ਹਨ ? ਭਾਵ ਨਹੀਂ ਜਾਣਦੇ। ਇਉਂ ਉਲਟ ਅਰਥ ਬਣ ਗਿਆ। ਜੇ ਸਤਿਗੁਰੂ ਸੂਰਮੇ ਹੀ ਪ੍ਰਭੂ ਦੀ ਮਰਿਆਦਾ ਨੂੰ ਨਹੀਂ ਜਾਣਦੇ ਤਾਂ ਹੋਰ ਕੌਣ ਜਾਣਨਗੇ ? ਸੋ ਹੇ ਖ਼ਾਲਸਾ ਜੀ ਸਭ ਸਿੰਘ ਗੁਰਬਾਣੀ ਨੂੰ ਸੋਧ ਕੇ, ਵਿਚਾਰ ਕੇ ਤੇ ਚਿੱਤ ਟਿਕਾ ਕੇ ਪੜ੍ਹਿਆ ਕਰੋ। ਇਹ ਸੁਣ ਕੇ ਭਾਈ ਦਇਆ ਸਿੰਘ ਜੀ ਆਦਿ, ਮੁਖੀ ਸਿੰਘਾਂ ਨੇ ਬੇਨਤੀ ਕੀਤੀ, 'ਹੇ ਗ਼ਰੀਬ ਨਿਵਾਜ ਜੀ', ਆਪ ਕ੍ਰਿਪਾ ਕਰਕੇ ਗੁਰਬਾਣੀ ਦੇ ਅਰਥ ਪੜ੍ਹਾਓ ਜੀ। ਅਰਥਾਂ ਬਿਨਾਂ ਗੁਰਬਾਣੀ ਦੀ ਸ਼ੁੱਧੀ ਅਸ਼ੁੱਧੀ ਦਾ ਪਤਾ ਨਹੀਂ ਲੱਗਦਾ। ਤਾਂ ਹਜ਼ੂਰ ਨੇ ਫੁਰਮਾਇਆ ਸਿੰਘੋ ਸਾਡਾ ਇਕਰਾਰ ਰਿਹਾ, ਹੁਣ ਤਾਂ ਧਰਮ ਯੁੱਧ ਦਾ ਸਮਾਂ ਹੈ, ਜੰਗ ਤੋਂ ਵਿਹਲੇ ਹੋ ਕੇ ਅਰਥ ਪੜ੍ਹਾਵਾਂਗੇ।

ਜਦੋਂ ਕਲਗੀਧਰ ਪਿਤਾ ਜੀ, ਸਰਬੰਸ ਵਾਰ ਕੇ ਮੁਕਤਸਰ ਸਾਹਿਬ ਟੁੱਟੀ ਗੰਢਣ ਉਪਰੰਤ ਸਾਬੋ ਕੀ ਤਲਵੰਡੀ ਆਏ ਤਾਂ ਸਿੰਘਾਂ ਨੇ ਬੇਨਤੀ ਕੀਤੀ, ਹਜ਼ੂਰ ਜੋ ਆਪ ਜੀ ਨੇ ਗੁਰਬਾਣੀ ਦੇ ਅਰਥ ਪੜ੍ਹਾਉਣ ਦਾ ਇਕਰਾਰ ਕੀਤਾ ਸੀ, ਸੋ ਕ੍ਰਿਪਾ ਕਰਕੇ ਪੂਰਾ ਕਰੋ ਜੀ। ਤਾਂ ਮਹਾਰਾਜ ਜੀ ਨੇ ਧੀਰ ਮੱਲ ਦੇ ਪਾਸੋਂ ਕਰਤਾਰਪੁਰ ਸਾਹਿਬ ਤੋਂ ਪੰਜਵੇਂ ਪਾਤਿਸ਼ਾਹ ਜੀ ਦੁਆਰਾ ਰਚਿਆ ਗਿਆ ਸਰੂਪ ਜਿਸ 'ਚ ਵਿਚ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਲਿਖਣ ਵਾਸਤੇ ਜਗ੍ਹਾ ਖ਼ਾਲੀ ਛੱਡੀ ਗਈ ਹੈ, ਨੂੰ ਲੈ ਕੇ ਆਉਣ ਲਈ ਕਿਹਾ। ਸਤਿਗੁਰਾਂ ਦਾ ਹੁਕਮ ਮੰਨ ਕੇ 25 ਸਿੰਘ ਧੀਰ ਮੱਲ ਪਾਸ ਗਏ। ਤਾਂ ਧੀਰ ਮੱਲ ਨੇ ਉਤਰ ਦਿੱਤਾ, ''ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਵੇਂ ਸਰੂਪ ਵਿਚ ਤਿਆਰ ਕੀਤਾ ਹੈ, ਆਪ ਵੀ ਸਤਿਗੁਰੂ ਜੀ ਉਨ੍ਹਾਂ ਦੇ ਸਰੂਪ ਹੀ ਹਨ। ਆਪ ਕੰਠੋਂ ਕਿਉਂ ਨਹੀਂ ਰਚ ਲੈਂਦੇ।'' ਸਿੰਘਾਂ ਰਾਹੀਂ ਧੀਰ ਮੱਲ ਦਾ ਅਜਿਹਾ ਜਵਾਬ ਸੁਣ ਹਜ਼ੂਰ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਕਾਗ਼ਜ਼, ਕਲਮਾਂ ਅਤੇ ਸਿਆਹੀ ਤਿਆਰ ਕਰਨ ਦੀ ਸੇਵਾ ਦਿੱਤੀ ਅਤੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਸੰਮਤ 1762 ਕੱਤਕ ਸੁਦੀ ਪੂਰਨਮਾਸ਼ੀ ਨੂੰ ਅੰਮ੍ਰਿਤ ਵੇਲੇ ਆਪਣੀ ਪਵਿੱਤਰ ਰਸਨਾ ਨਾਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕੰਠੋਂ ਉਚਾਰਨ ਲੱਗੇ। ਐਸੀ ਅਗੰਮੀ ਕਲਮ ਚਲੀ, ਕਿ 'ਜਪੁਜੀ ਸਾਹਿਬ, ਰਹਿਰਾਸ ਸਾਹਿਬ, ਤੇ ਕੀਰਤਨ ਸੋਹਿਲਾ' ਤਕ ਗੁਰਬਾਣੀ ਪਹਿਲੇ ਦਿਨ ਹੀ ਲਿਖੀ ਗਈ ਅਤੇ ਸ਼ਾਮ ਨੂੰ ਸਾਰੀ ਬਾਣੀ ਦੇ ਅਰਥ ਸੰਗਤਾਂ ਨੂੰ ਸੁਣਾਏ। ਇਸ ਤਰ੍ਹਾਂ ਗੁਰਬਾਣੀ ਦੀ ਲਿਖਾਈ, ਪੜ੍ਹਾਈ ਅਤੇ ਅਰਥ ਸ਼ੁਰੂ ਹੋਏ। ਇਸ ਪ੍ਰਕਾਰ 9 ਮਹੀਨੇ 9 ਦਿਨ ਵਿਚ 1763 ਬਿਕਰਮੀ 23 ਸਾਵਣ ਤਕ ਅਰਥ ਪੜ੍ਹਾਏ ਅਤੇ ਸਾਰੀ ਗੁਰਬਾਣੀ 'ਨੌਵੇਂ ਪਾਤਸ਼ਾਹ ਜੀ ਦੀ ਬਾਣੀ ਸਮੇਤ, ੧ਓਤੋਂ ਲੈ ਕੇ ਅਠਾਰਹ ਦਸ ਬੀਸ'' ਤੱਕ, ਸੰਪੂਰਨ ਕੀਤੀ। ਲਗ-ਮਾਤਰ ਤਕ ਦਾ ਭੀ ਫਰਕ ਸਤਿਗੁਰਾਂ ਨੇ ਨਹੀਂ ਪਾਇਆ। ਹਜ਼ੂਰ ਨੇ ਇਸ ਸਾਬੋ ਕੀ ਤਲਵੰਡੀ ਦਾ ਨਾਮ, 'ਤਖ਼ਤ ਸ੍ਰੀ ਦਮਦਮਾ ਸਾਹਿਬ' ਗੁਰੂ ਕੀ ਕਾਸ਼ੀ ਰੱਖ ਕੇ ਵਰ ਦਿੱਤਾ, ਕਿ ਜੋ ਏਥੇ ਬੈਲ-ਬੁਧੀ ਵਾਲਾ ਵੀ ਪੜ੍ਹੇਗਾ, ਉਸ ਨੂੰ ਛੇਤੀ ਵਿੱਦਿਆ ਪ੍ਰਾਪਤ ਹੋਇਆ ਕਰੇਗੀ। ਗੁਰਬਾਣੀ ਦੇ ਸੰਪੂਰਨ ਹੋਣ, ਤੋਂ ਜੋ ਸਿਆਹੀ ਤੇ ਕਲਮਾਂ ਬਚੀਆਂ ਹਜ਼ੂਰ ਨੇ ਜਿਸ ਸਰੋਵਰ ਵਿਚ ਸੁੱਟੀਆਂ, ਉਸ ਦਾ ਨਾਮ ਲਿਖਣਸਰ ਰੱਖਿਆ। ਇਸ ਮੌਕੇ ਸ੍ਰੀ ਦਸਮੇਸ਼ ਜੀ ਤੋਂ ਅਰਥ ਸੁਣ ਕੇ 48 ਸਿੰਘ ਬ੍ਰਹਮ ਗਿਆਨ ਪਾ ਕੇ ਬਿਦੇਹ-ਮੁਕਤ ਹੋ ਗਏ। ਇਹ ਵੇਖ ਕੇ ਸਤਿਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਨੂੰ ਆਗਿਆ ਕੀਤੀ, ਕਿ ਭਾਈ ਸਾਹਿਬ ! ਤੁਸਾਂ ਦੂਜੇ ਸਿੰਘਾ ਵਾਂਗ ਬਿਦੇਹ-ਮੁਕਤ ਹੋ ਕੇ ਸਭ ਕੁਝ ਛੱਡਣਾ ਨਹੀਂ, ਸਗੋਂ ਸੇਵਾ ਕਰਨੀ ਹੈ। ਜੋ ਅੱਖਰ ਅਸੀਂ ਤੁਹਾਨੂੰ ਪੜ੍ਹਾਏ ਹਨ, ਉਹ ਅਗਾਂਹ ਸਿੰਘਾਂ ਨੂੰ ਪੜ੍ਹਾ ਕੇ ਸਫਲੇ ਕਰਨੇ ਹਨ। ਭਾਈ ਮਨੀ ਸਿੰਘ ਜੀ ਨੂੰ ਕਿਹਾ ਕਿ ਭਾਵੇਂ ਤੁਹਾਡੇ ਸਰੀਰ ਦਾ ਬੰਦ-ਬੰਦ ਕਿਉਂ ਨਾ ਕੱਟਿਆ ਜਾਵੇ ਅਤੇ ਬਾਬਾ ਦੀਪ ਸਿੰਘ ਨੂੰ ਕਿ ਭਾਵੇਂ ਤੁਹਾਡੇ ਸਰੀਰ ਨਾਲੋਂ ਸਿਰ ਵੀ ਵੱਖਰਾ ਕਿਉਂ ਨਾ ਹੋ ਜਾਵੇ, ਤੁਹਾਡੇ ਗਿਆਨ ਵਿਚ ਅਤੇ ਅਨੰਦ ਵਿਚ ਫਰਕ ਨਹੀਂ ਪਵੇਗਾ ਸਦਾ ਅਸਥਿਰ ਰਹੋਗੇ। ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਬਾਬਾ ਦੀਪ ਸਿੰਘ ਜੀ ਨੂੰ ਦਮਦਮੀ ਟਕਸਾਲ ਦਾ ਮੁਖੀ ਥਾਪ ਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਰਹਿ ਕੇ ਗੁਰਬਾਣੀ ਦੇ ਅਰਥ ਪੜ੍ਹਾਓ ਅਤੇ ਗੁਰਮਤਿ ਪ੍ਰਚਾਰ ਦੀ ਸੇਵਾ ਦਿੱਤੀ ਗਈ। ਦਮਦਮੀ ਟਕਸਾਲ ਜਿਸ ਨੂੰ ਗਿਆਨੀਆਂ ਦੀ ਟਕਸਾਲ ਵਜੋਂ ਵੀ ਜਾਣਿਆ ਜਾਂਦਾ ਹੈ ਦੇ ਬਾਬਾ ਦੀਪ ਸਿੰਘ ਜੀ ਸ਼ਹੀਦ ਤੋਂ ਬਾਅਦ ਦੂਜੇ ਮੁਖੀ ਬਾਬਾ ਗੁਰਬਖ਼ਸ਼ ਸਿੰਘ ਜੀ ਸ਼ਹੀਦ ਬਣੇ, ਜਿਨ੍ਹਾਂ ਨੇ ਵੀ ਸ੍ਰੀ ਦਰਬਾਰ ਸਾਹਿਬ ਦੀ ਅਜ਼ਮਤ ਲਈ ਲਾਸਾਨੀ ਸ਼ਹਾਦਤ ਪਾਈ। ਉਨ੍ਹਾਂ ਤੋਂ ਬਾਅਦ ਗੁਰਮਤਿ ਤੋਂ ਇਲਾਵਾ ਫਾਰਸੀ, ਉਰਦੂ ਤੇ ਹਿੰਦੀ ਦੇ ਵਿਦਵਾਨ ਗਿਆਨੀ ਭਾਈ ਸੂਰਤ ਸਿੰਘ ਜੀ , ਗਿਆਨੀ ਭਾਈ ਗੁਰਦਾਸ ਸਿੰਘ ਜੀ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰੇਰ ਕੇ ਸ੍ਰੀ ਦਰਬਾਰ ਸਾਹਿਬ ਸੋਨੇ ਦੀ ਸੇਵਾ ਕਰਵਾਉਣ ਵਾਲੇ ਸੰਤ ਗਿਆਨੀ ਭਾਈ ਸੰਤ ਸਿੰਘ ਜੀ, ਭਜਨੀਕ ਗੁਰਮੁਖ ਪਿਆਰੇ ਗਿਆਨੀ ਭਾਈ ਦਇਆ ਸਿੰਘ ਜੀ, ਸੰਤ ਗਿਆਨੀ ਭਗਵਾਨ ਸਿੰਘ ਜੀ, ਸੰਤ ਗਿਆਨੀ ਹਰਨਾਮ ਸਿੰਘ ਜੀ ਬੇਦੀ, ਸੰਤ ਗਿਆਨੀ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ ਅਤੇ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਦੇ ਵੀ ਧਰਮ ਪ੍ਰਚਾਰ ਦੇ ਖੇਤਰ 'ਚ ਵੱਡੀਆਂ ਘਾਲਣਾਵਾਂ ਰਹੀਆਂ। ਬਾਹਰਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਵਿੱਦਿਆ ਮਾਰਤੰਡ, ਉੱਚ ਕੋਟੀ ਦੇ ਕਾਵਿ ਗਿਆਤਾ, ਨਾਮ ਰਸ ਵਿਚ ਭਿੱਜੀ ਹੋਈ ਮਹਾਨ ਆਤਮਾ, ਗੁਰਮਤਿ ਮਰਿਆਦਾ 'ਤੇ ਪੂਰਨ ਪਹਿਰਾ ਦੇਣ ਵਾਲੇ ਤੇ ਚਲਦੀ-ਫਿਰਦੀ ਯੂਨੀਵਰਸਿਟੀ ਮੰਨੇ ਗਏ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚਰ ਕੇ ਗੁਰਬਾਣੀ ਕਥਾ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਿਆ ਤੇ ਅਨੇਕਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਅਤੇ ਦੇਹਧਾਰੀ ਗੁਰੂ ਡੰਮ੍ਹ ਦਾ ਸਖ਼ਤ ਵਿਰੋਧ ਕਰਦਿਆਂ ਪੰਥ ਵਿਚ ਜਾਗ੍ਰਿਤੀ ਪੈਦਾ ਕੀਤੀ। ਜਿਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੁਆਰਾ ਜੂਨ '84 'ਚ ਸ੍ਰੀ ਦਰਬਾਰ ਸਾਹਿਬ 'ਤੇ ਚੜ ਕੇ ਆਈ ਫ਼ੌਜ ਦਾ ਦਲੇਰੀ ਅਤੇ ਰਵਾਇਤ ਅਨੁਸਾਰ ਟਾਕਰਾ ਕਰਦਿਆਂ ਸਿੱਖ ਕੌਮ ਦੀ ਕੀਤੀ ਗਈ ਅਗਵਾਈ ਸਦਕਾ ਆਪ ਜੀ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਹੋ ਨਿੱਬੜੇ। ਉਨ੍ਹਾਂ ਤੋਂ ਬਾਅਦ ਸੰਤ ਬਾਬਾ ਠਾਕੁਰ ਸਿੰਘ ਜੀ ਨੇ ਜੀਵਨ ਭਰ ਬਾਖ਼ੂਬੀ ਸੇਵਾ ਨਿਭਾਈ। ਮੌਜੂਦਾ ਸਮੇਂ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਦਮਦਮੀ ਟਕਸਾਲ ਦੇ ਸੋਲ੍ਹਵੇਂ ਮੁਖੀ ਹਨ। ਸਤਿਗੁਰ ਜੀ ਦੀ ਅਪਾਰ ਕ੍ਰਿਪਾ ਨਾਲ ਆਪ ਜੀ ਚੜ੍ਹਦੀਆਂ ਕਲਾਂ 'ਚ ਪੰਥਕ ਰਵਾਇਤਾਂ ਨੂੰ ਕਾਇਮ ਰੱਖਣ ਲਈ ਹਰ ਸਮੇਂ ਤਤਪਰ ਰਹਿੰਦੇ ਹਨ। ਆਪ ਜੀ ਸੂਝ ਸਿਆਣਪ ਤੇ ਸਮੇਂ ਦੀ ਨਜ਼ਾਕਤ ਅਨੁਸਾਰ ਰਣਨੀਤੀ ਬਣਾਉਣ 'ਚ ਮਾਹਿਰ ਹਨ। ਸਿੱਖ ਪੰਥ ਵੱਲੋਂ ਤਿੰਨ ਦਹਾਕਿਆਂ ਬਾਅਦ '84 ਦੇ ਘੱਲੂਘਾਰੇ ਦੌਰਾਨ ਸ੍ਰੀ ਦਰਬਾਰ ਸਾਹਿਬ ਦੀ ਅਜ਼ਮਤ ਲਈ ਸ਼ਹੀਦ ਹੋਏ ਸਮੂਹ ਅਣਖੀ ਸਿੰਘਾਂ ਸਿੰਘਣੀਆਂ ਦੀ ਯਾਦਗਾਰ ਅਤੇ ਫਿਰ ਉਸੇ ਯਾਦਗਾਰ ਦੇ ਹੇਠਾਂ ਸ਼ਹੀਦੀ ਗੈਲਰੀ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 13 ਭਾਗਾਂ 'ਚ ਸੰਪੂਰਨ ਅਰਥਾਂ ਵਾਲੀ ਸਟੀਕ ਪ੍ਰਕਾਸ਼ਿਤ ਕਰਵਾ ਕੇ ਗੁਰੂ ਪੰਥ ਨੂੰ ਸਮਰਪਿਤ ਕੀਤਾ ਗਿਆ। ਇਸ ਵਕਤ ਦਮਦਮੀ ਟਕਸਾਲ ਵੱਲੋਂ ਆਪ ਜੀ ਦੀ ਅਗਵਾਈ 'ਚ ਕਈ ਸਿੱਖਿਆ ਸੰਸਥਾਵਾਂ, ਹਸਪਤਾਲ ਅਤੇ ਦੋ ਦਰਜਨ ਦੇ ਕਰੀਬ ਗੁਰਦੁਆਰਿਆਂ ਦੀ ਸੇਵਾ ਸੰਭਾਲ ਕੀਤੀ ਜਾ ਰਹੀ ਹੈ ਜਿਨ੍ਹਾਂ 'ਚ 6 ਗੁਰਦੁਆਰੇ ਵਿਦੇਸ਼ਾਂ ਵਿਚ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਅਤੇ ਦਮਦਮੀ ਟਕਸਾਲ ਦੇ 316ਵਾਂ ਸਥਾਪਨਾ ਦਿਵਸ ਨੂੰ ਸਮਰਪਿਤ 7 ਰੋਜ਼ਾ ਸਮਾਗਮ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 1 ਤੋਂ 7 ਅਗਸਤ ਤਕ ਮਨਾਇਆ ਜਾ ਰਿਹਾ ਹੈ।

# ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਦੇ ਹਵਾਈ ਸਫਰ ਦੇ ਖਰਚ ਵੇਰਵੇ ਦੱਸਣ ਤੋਂ ਇਨਕਾਰ

*** ਸੁਰੱਖਿਆ ਕਾਰਨਾਂ ਕਰ ਕੇ ਜਾਣਕਾਰੀ ਨਾ ਦੇਣ ਦਾ ਦਾਅਵਾ**



ਚੰਡੀਗੜ੍ਹ, 11 ਅਗਸਤ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਵਾਈ ਸਫਰ ਬਾਰੇ ਸਾਰੀ ਜਾਣਕਾਰੀ ਨੂੰ ਸੂਚਨਾ ਅਧਿਕਾਰ ਕਾਨੂੰਨ (ਆਰ ਟੀ ਆਈ) ਦੇ ਘੇਰੇ ਤੋਂ ਬਾਹਰ ਕਰਦਿਆਂ ਮੁੱਖ ਮੰਤਰੀ ਦੇ ਹਵਾਈ ਸਫਰ ਦੇ ਖਰਚ ਬਾਰੇ ਆਰ ਟੀ ਆਈ ਅਰਜ਼ੀ ਰੱਦ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਇੱਕ ਆਰ ਟੀ ਆਈ ਕਾਰਕੁੰਨ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ 11 ਮਾਰਚ 2022 ਤੋਂ ਵੀਹ ਜੂਨ ਤਕ ਦੇ ਹਵਾਈ ਸਫਰ ਦੇ ਖਰਚ, ਪਾਇਲਟ ਦੀ ਤਨਖਾਹ, ਰਹਿਣ ਸਹਿਣ, ਹੈਲੀਕਾਪਟਰ ਦੀ ਰਿਪੇਅਰ ਤੇ ਤੇਲ ਖਰਚ ਦੀ ਜਾਣਕਾਰੀ ਮੰਗੀ ਸੀ। ਸੂਬਾ ਸਰਕਾਰ ਨੇ ਮੁੱਖ ਮੰਤਰੀ ਦੀ ਸੁਰੱਖਿਆ ਦੀ ਦਲੀਲ ਨਾਲ ਆਰ ਟੀ ਆਈ ਐਕਟ ਹੇਠ ਇਹ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਤੋਂ ਪਹਿਲੀਆਂ ਸਰਕਾਰਾਂ ਵੱਲੋਂ ਮੁੱਖ ਮੰਤਰੀਆਂ ਦੇ ਹਵਾਈ ਸਫਰ ਦੀ ਜਾਣਕਾਰੀ ਆਰ ਟੀ ਆਈ ਵਿੱਚ ਦੇਂਦੀਆਂ ਰਹੀਆਂ ਸਨ। ਜਾਣਕਾਰ ਸੂਤਰਾਂ ਮੁਤਾਬਕ ਭਗਵੰਤ ਮਾਨ ਨੇ ਪੰਜਾਬ ਦੇ ਮੁੱਖ ਮੰਤਰੀ ਬਣਨ ਮਗਰੋਂ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿੱਚ ਵੀ ਸਫਰ ਕੀਤਾ ਹੈ ਅਤੇਆਮ ਆਦਮੀ ਪਾਰਟੀ ਦੇ ਦਿੱਲੀ ਦੇ ਕਈ ਆਗੂ ਵੀ ਇਸ ਹੈਲੀਕਾਪਟਰ ਵਿੱਚ ਸਫਰ ਕਰ ਚੁੱਕੇ ਹਨ। ਨਿਯਮਾਂ ਅਨੁਸਾਰ ਮੁੱਖ ਮੰਤਰੀ ਦੇ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਸਿਰਫ ਮੁੱਖ ਮੰਤਰੀ ਕਰ ਸਕਦੇ ਹਨ। ਆਰ ਟੀ ਆਈ ਕਾਰਕੁੰਨ ਨੇ ਕਿਹਾ ਕਿ ਉਸ ਵੱਲੋਂ ਮੁੱਖ ਮੰਤਰੀ ਦੇ ਹਵਾਈ ਸਫਰ ਦੀ ਜਾਣਕਾਰੀ ਬਾਰੇ ਅਰਜ਼ੀ ਬਹਾਨਾਲਾ ਕੇ ਰੱਦ ਕਰਨਾ ਗਲਤ ਹੈ।

# ਮੁੱਖ ਮੰਤਰੀ ਦੇ ਨਿਸ਼ਾਨੇ ਉਤੇ ਤਿੰਨ ਸਾਬਕਾ ਮੰਤਰੀ ਤੇ ਇੱਕ ਵਿਧਾਇਕ

*** ਤਖਤੂਪੁਰਾ ਜ਼ਮੀਨ ਘੁਟਾਲੇ ਦੀ ਫਾਈਲ ਵਿਜੀਲੈਂਸ ਨੂੰ ਭੇਜਣ ਦੇ ਹੁਕਮ**

ਚੰਡੀਗੜ੍ਹ, 11 ਅਗਸਤ (ਪੋਸਟ ਬਿਊਰੋ)- 'ਭਗਤੂਪੁਰ ਜ਼ਮੀਨ ਘੋਟਾਲੇ' ਦੀ ਅਗਲੀ ਜਾਂਚ ਵਿਜੀਲੈਂਸ ਬਿਊਰੋ ਕਰੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਚਾਇਤ ਮਹਿਕਮੇ ਦੀ ਤਿੰਨ ਮੈਂਬਰੀ ਕਮੇਟੀ ਵੱਲੋਂ ਕੀਤੀ ਜਾਂਚ ਦੀ ਰਿਪੋਰਟ ਅੱਗੇ ਵਿਜੀਲੈਂਸ ਨੂੰ ਭੇਜ ਦਿੱਤੀ ਹੈ। ਮੁੱਢਲੀ ਜਾਂਚ ਵਿੱਚ ਵਿਜੀਲੈਂਸ ਨੂੰ ਇਸ ਘੋਟਾਲੇ ਦੇ ਤੱਥ ਘੋਖਣ ਨੂੰ ਕਿਹਾ ਗਿਆ ਹੈ। ਇਸ ਕੇਸ ਵਿੱਚ ਸਾਬਕਾ ਪੰਚਾਇਤ ਮੰਤਰੀ ਤੇ ਦੋ ਸਾਬਕਾ ਆਈ ਏ ਐਸ ਅਫਸਰਾਂ ਉੱਤੇ ਉਂਗਲ ਉਠੀ ਹੈ।

ਵਰਨਣ ਯੋਗ ਹੈ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਜੁਲਾਈ ਦੇ ਆਖਰੀ ਹਫਤੇ ਜ਼ਮੀਨ ਘੋਟਾਲੇ ਦੀ ਜਾਂਚ ਰਿਪੋਰਟ ਮੁੱਖ ਮੰਤਰੀ ਨੂੰ ਸੌਂਪੀ ਸੀ। ਸੂਤਰਾਂ ਮੁਤਾਬਕ ਮੁੱਖ ਮੰਤਰੀ ਨੇ ਇਹ ਰਿਪੋਰਟ ਵਿਜੀਲੈਂਸ ਨੂੰ ਭੇਜਣ ਦੇ ਹੁਕਮ ਦਿੱਤੇ ਗਏ ਹਨ, ਪਰ ਵਿਜੀਲੈਂਸ ਅਧਿਕਾਰੀ ਆਖਦੇ ਹਨ ਕਿ ਭਗਤੂਪੁਰਾ ਜ਼ਮੀਨ ਘੋਟਾਲੇ ਦੇ ਕੇਸ ਵਿੱਚ ਹਾਲੇ ਕੋਈ ਚਿੱਠੀ ਉਨ੍ਹਾਂ ਤਕ ਨਹੀਂ ਪੁੱਜੀ। ਜਾਣਕਾਰ ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਇਸ ਕੇਸ ਵਿੱਚ ਕੋਈ ਕਾਨੂੰਨੀ ਕਮੀਂ ਨਹੀਂ ਰੱਖਣਾ ਚਾਹੁੰਦੀ। ਵਰਨਣ ਯੋਗ ਹੈ ਕਿ ਭਗਤੂਪੁਰਾ ਪੰਚਾਇਤ ਦੀ ਜ਼ਮੀਨ ਇੱਕ ਪ੍ਰਾਈਵੇਟ ਕੰਪਨੀ ਨੂੰ ਵੇਚੀ ਗਈ ਸੀ। ਮੌਜੂਦਾ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਕੇਸ ਵਿੱਚ 28 ਕਰੋੜ ਰੁਪਏ ਦੇ ਘਪਲੇ ਦੀ ਗੱਲ ਆਖੀ ਸੀ, ਪਰ ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ ਵਿੱਚ 16 ਲੱਖ ਰੁਪਏ ਦੀ ਗੱਲ ਉਭਰੀ ਹੈ। ਪਤਾ ਲੱਗਾ ਹੈ ਕਿ ਅਫਸਰਸ਼ਾਹੀ ਇਸ ਘੋਟਾਲੇ ਵਿੱਚ ਫਸੇ ਇੱਕ ਅਧਿਕਾਰੀ ਨੂੰ ਬਚਾਉਣਾ ਚਾਹੁੰਦੀ ਹੈ।

ਉਧਰ ਪਟਿਆਲਾ ਜ਼ਿਲ੍ਹੇ ਦੇ ਪਿੰਡ ਆਕੜੀ ਦੀ ਮਹਿਲਾ ਸਰਪੰਚ ਹਰਜੀਤ ਕੌਰ ਨੂੰ ਪੰਚਾਇਤੀ ਫੰਡਾਂ ਵਿੱਚ 12.24 ਕਰੋੜ ਰੁਪਏ ਦੇ ਘਪਲੇ ਵਿੱਚ ਗ੍ਰਿਫਤਾਰ ਕਰਨ ਪਿੱਛੋਂ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਵੱਲ ਵੀ ਪੈੜ ਜਾਂਦੀ ਸੁਣੀਂਦੀ ਹੈ। ਮਦਨ ਲਾਲ ਜਲਾਲਪੁਰ ਇਸ ਵੇਲੇ ਵਿਦੇਸ਼ ਵਿੱਚ ਹਨ, ਪਰ ਉਹ ਵਾਪਸ ਆਉਣ ਦੀ ਗੱਲ ਆਖ ਰਹੇ ਹਨ।ਪਟਿਆਲਾ ਜ਼ਿਲ੍ਹੇ ਦੇ ਪੰਜ ਪਿੰਡਾਂ ਦੀ 1104 ਏਕੜ ਜ਼ਮੀਨ ਅੰਮ੍ਰਿਤਸਰ-ਕੋਲਕਾਤਾ ਏਕੀਕ੍ਰਿਤ ਕੈਰੀਡੋਰ ਬਣਾਉਣ ਲਈ ਐਕੁਆਇਰ ਕੀਤੀ ਤਾਂ ਪੰਜ ਪਿੰਡਾਂ ਨੂੰ 285 ਕਰੋੜ ਰੁਪਏ ਮਿਲੇ ਸਨ। ਪਤਾ ਲੱਗਾ ਹੈ ਕਿ ਕਰੀਬ ਨੱਬੇ ਕਰੋੜ ਉਜਾੜਾ ਭੱਤਾ ਦਿੱਤਾ ਗਿਆ ਸੀ ਤੇ ਅਸਲ ਵਿੱਚ ਜਿਨ੍ਹਾਂ ਲੋਕਾਂ ਕੋਲ ਪੰਚਾਇਤੀ ਜ਼ਮੀਨ ਠੇਕੇ ਉੱਤੇ ਸੀ, ਉਨ੍ਹਾਂ ਨੂੰ ਉਜਾੜਾ ਭੱਤਾ ਦੇ ਦਿੱਤਾ ਗਿਆ। ਇਸ ਕੇਸ ਵਿੱਚ ਉਜਾੜਾ ਭੱਤਾ ਲੈਣ ਵਾਲੇ ਲਾਭਪਾਤਰੀਆਂ ਦੇ ਖਾਤਿਆਂ ਦੀ ਜਾਂਚ ਕੀਤੀ ਜਾਵੇਗੀ। ਦੱਸਿਆ ਜਾਂਦਾ ਹੈ ਕਿ ਵਿਜੀਲੈਂਸ ਵੱਲੋਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਸਰਕਾਰ ਵੱਲੋਂ ਪੈਸੇ ਪਾਉਣ ਤੇ ਲਾਭਪਾਤਰੀਆਂ ਵੱਲੋਂ ਇਹ ਪੈਸੇ ਕਢਵਾਉਣ ਦੀਆਂ ਤਰੀਕਾਂ ਦੀ ਜਾਂਚ ਕੀਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਅਨਾਜ ਮੰਡੀਆਂ ਵਿੱਚ ਲੇਬਰ ਅਤੇ ਟਰਾਂਸਪੋਰਟ ਦੇ ਕਾਂਗਰਸ ਰਾਜ ਦੇ ਤਿੰਨ ਸਾਲਾਂ ਦੇ ਟੈਂਡਰਾਂ ਦੀ ਜਾਂਚ ਦੀ ਮੰਗ ਸਬੰਧਤ ਠੇਕੇਦਾਰਾਂ ਨੇ ਕੀਤੀ ਸੀ। ਇਸ ਮਗਰੋਂ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਹਾਈ ਕੋਰਟ ਤਕ ਪਹੁੰਚ ਕੀਤੀ ਸੀ। ਐਸ ਐਸ ਪੀ ਵਿਜੀਲੈਂਸ ਲੁਧਿਆਣਾ ਇਸ ਦੀ ਜਾਂਚ ਕਰਵਾ ਰਹੇ ਹਨ ਤੇ ਸੂਤਰਾਂ ਅਨੁਸਾਰ ਇਹ ਜਾਂਚ ਵੀ ਆਖਰੀ ਪੜਾਅ ਉੱਤੇ ਹੈ।ਸਾਬਕਾ ਕਾਂਗਰਸੀ ਮੰਤਰੀ ਸਾਧੂ ਸਿੰਘ ਧਰਮਸੋਤ ਉੱਤੇਵੀ ਇੱਕ ਨਵਾਂ ਕੇਸ ਦਰਜ ਕਰਨ ਦੀ ਤਿਆਰੀ ਚੱਲ ਰਹੀ ਹੈ। ਇਸ ਤੋਂ ਪਹਿਲਾਂ ਵਸੀਲਿਆਂ ਤੋਂ ਵੱਧ ਆਮਦਨੀ ਦੇ ਕੇਸ ਦੀ ਜਾਂਚ ਵੀ ਆਖਰੀ ਪੜਾਅ ਉੱਤੇ ਹੈ। ਵਿਜੀਲੈਂਸ ਨੂੰ ਕਈ ਸ਼ਹਿਰਾਂ ਵਿੱਚ ਧਰਮਸੋਤ ਅਤੇ ਉਸ ਦੇ ਰਿਸ਼ਤੇਦਾਰਾਂ ਦੇ ਨਾਂਅ ਉੱਤੇ ਜਾਇਦਾਦ ਲੱਭੀ ਹੈ। ਮੋਹਾਲੀ ਵਿੱਚੋਂ ਮਿਲੇ ਇੱਕ ਰਿਹਾਇਸ਼ੀ ਪਲਾਟ ਦੀ ਤਾਂ ਸਾਬਕਾ ਮੰਤਰੀ ਨੇ ਚੋਣ ਕਮਿਸ਼ਨ ਨੂੰ ਵੀ ਜਾਣਕਾਰੀ ਨਹੀਂ ਦਿੱਤੀ ਹੈ, ਜਿਸ ਬਾਰੇ ਚੋਣ ਕਮਿਸ਼ਨ ਨੂੰ ਵੀ ਲਿਖਤੀ ਪੱਤਰ ਭੇਜਿਆ ਗਿਆ ਹੈ।

# ਭਾਜਪਾ ਮਹਿਲਾ ਮੋਰਚਾ ਦੀ ਜ਼ਿਲ੍ਹਾ ਪ੍ਰਧਾਨ ਵੱਲੋਂ ਖੁਦਕੁਸ਼ੀ

ਸੰਗਰੂਰ, 11 ਅਗਸਤ (ਪੋਸਟ ਬਿਊਰੋ)- ਭਾਜਪਾ ਮਹਿਲਾ ਮੋਰਚਾ ਦੀ ਜ਼ਿਲ੍ਹਾ ਪ੍ਰਧਾਨ ਨੇ ਕੱਲ੍ਹ ਜ਼ਹਿਰੀਲੀ ਵਸਤੂ ਨਿਗਲ ਕੇ ਖੁਦਕੁਸ਼ੀ ਕਰ ਲਈ, ਪਰ ਖੁਦਕੁਸ਼ੀ ਕਰਨ ਦੇ ਕਾਰਨਾਂ ਦਾ ਪਤਾ ਨਹੀਂ ਲੱਗਾ। ਮ੍ਰਿਤਕਾ ਦੀ ਪਛਾਣ ਮੀਨਾ ਖੋਖਰ ਦੇ ਰੂਪ ਵਿੱਚ ਹੋਈ ਹੈ। ਉਨ੍ਹਾਂ ਨੂੰ ਸਥਾਨਕ ਸਿਵਲ ਹਸਪਤਾਲ ਲਿਜਾਇਆ ਗਿਆ ਜਿੱਥੋਂ ਡਾਕਟਰਾਂ ਨੇ ਉਨ੍ਹਾਂ ਨੂੰ ਪਟਿਆਲੇ ਦੇ ਰਾਜਿੰਦਰਾ ਹਸਪਤਾਲ ਰੈਫਰ ਕਰ ਦਿੱਤਾ, ਪਰ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ



ਅਫਸਰ ਡਾ: ਬਲਜੀਤ ਸਿੰਘ ਮੁਤਾਬਕ ਮੀਨਾ ਨੂੰ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਲਿਆਂਦਾ ਗਿਆ ਸੀ। ਉਨ੍ਹਾਂ ਦੀ ਨਾਜ਼ੁਕ ਹਾਲਤ ਦੇਖ ਕੇ ਉਨ੍ਹਾਂ ਪਟਿਆਲਾ ਰੈਫਰ ਕਰ ਦਿੱਤਾ ਸੀ, ਜਿੱਥੇ ਉਸ ਦੀ ਮੌਤ ਹੋ ਗਈ।

# ਏ ਟੀ ਐਮ ਕਾਰਡ ਬਦਲ ਕੇ ਪੈਸੇ ਕਢਵਾਉਣ ਵਾਲੇ ਗਿਰੋਹ ਦੇ ਤਿੰਨ ਮੈਂਬਰ ਕਾਬੂ

*** ਮੁਲਜ਼ਮਾਂ ਕੋਲੋਂ 66 ਏ ਟੀ ਐਮ ਕਾਰਡ ਅਤੇ ਸਵਾਈਪ ਮਸ਼ੀਨ ਮਿਲੀ**

ਪਠਾਨਕੋਟ, 11 ਅਗਸਤ (ਪੋਸਟ ਬਿਊਰੋ)- ਏ ਟੀ ਐਮ ਕਾਰਡ ਦੀ ਅਦਲਾ-ਬਦਲੀ ਕਰ ਕੇ ਲੱਖਾਂ ਰੁਪਏ ਕਢਵਾਉਣ ਵਾਲੇ ਇੱਕ ਅੰਤਰਰਾਜੀ ਗੈਂਗ ਦੇ ਤਿੰਨ ਮੈਂਬਰਾਂ ਨੂੰਪਠਾਨਕੋਟ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੀ ਪਛਾਣ ਹਿਸਾਰ ਦੇ ਰਮੇਸ਼ ਕੁਮਾਰ, ਪ੍ਰਵੀਨ ਕੁਮਾਰ ਅਤੇ ਸਿਕੰਦਰ ਵਜੋਂ ਹੋਈ ਹੈ।



ਜ਼ਿਲ੍ਹਾ ਪੁਲਸ ਮੁਖੀ ਹਰਕਮਲਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਅੱਠ ਅਗਸਤ ਨੂੰ ਕਾਂਤਾ ਦੇਵੀ ਨੇ ਸ਼ਿਕਾਇਤ ਕੀਤੀ ਸੀ ਕਿ ਉਹ ਆਪਣੀ ਬੇਟੀ ਨਾਲ ਸਰਨਾ ਸਟੇਸ਼ਨ ਵਿਚਲੇ ਏ ਟੀ ਐਮ ਤੋਂ ਪੈਸੇ ਕੱਢਣ ਲੱਗੀ ਤਾਂ ਕੁਝ ਲੋਕਾਂ ਨੇ ਮਦਦ ਦਾ ਝਾਂਸਾ ਦੇ ਕੇ ਉਸ ਦਾ ਕਾਰਡ ਬਦਲ ਦਿੱਤਾ। ਏ ਟੀ ਐਮ ਤੋਂ ਬਾਹਰ ਆਉਣ ਪਿੱਛੋਂ ਉਸ ਦੀ ਬੇਟੀ ਨੇ ਦੇਖਿਆ ਕਿ ਕਾਰਡ ਉੱਤੇ ਕਿਸੇ ਰਜਨੀ ਦੇਵੀ ਦਾ ਨਾਂਅ ਲਿਖਿਆ ਹੈ। ਜਦੋਂ ਉਨ੍ਹਾਂ ਮੁੜ ਕੇ ਦੇਖਿਆ ਤਾਂ ਏ ਟੀ ਐਮ ਵਿਚਲੇ ਵਿਅਕਤੀ ਐਸ ਯੂ ਵੀ ਕਾਰ ਲੈ ਕੇ ਖਿਸਕ ਗਏ ਸਨ। ਕੁਝ ਸਮੇਂ ਪਿੱਛੋਂ ਉਸ ਦੀ ਬੇਟੀ ਦੇ ਮੋਬਾਈਲ ਉੱਤੇ 75 ਹਜ਼ਾਰ ਰੁਪਏ ਦਾ ਲੈਣ-ਦੇਣ ਕਰਨ ਅਤੇ ਏ ਟੀ ਐਮ ਰਾਹੀਂ 38 ਹਜ਼ਾਰ ਰੁਪਏ ਨਿਕਲਣ ਦਾ ਮੈਸੇਜ ਆ ਗਿਆ।ਐਸ ਐਸ ਪੀ ਖੱਖ ਨੇ ਦੱਸਿਆ ਕਿ ਸ਼ਿਕਾਇਤ ਉੱਤੇ ਕਾਰਵਾਈ ਕਰਦਿਆਂ ਸੀ ਆਈ ਏ ਸਟਾਫ ਪਠਾਨਕੋਟ ਤੇ ਥਾਣਾ ਸਦਰ ਪਠਾਨਕੋਟ ਦੀ ਸਾਂਝੀ ਟੀਮ ਨੇ ਕੋਟਲੀ ਨਹਿਰ ਉੱਤੇ ਆ ਰਹੀ ਸ਼ੱਕੀ ਮਾਰੂਤੀ ਐਸ ਯੂ ਵੀ ਕਾਰ ਨੂੰ ਰੋਕਿਆ ਤਾਂ ਤਲਾਸ਼ੀ ਦੌਰਾਨ ਕਾਰ ਸਵਾਰਾਂ ਕੋਲੋਂ 66 ਏ ਟੀ ਐਮ ਕਾਰਡ, ਇੱਕ ਸਵਾਈਪ ਮਸ਼ੀਨ ਅਤੇ 19 ਹਜ਼ਾਰ ਰੁਪਏ ਨਕਦੀ ਮਿਲੀ।

# ਮੁਹਾਲੀ ਨੇੜੇ ਛੁਡਾਈ ਜ਼ਮੀਨ ਦੇ ਕੇਸ ਵਿੱਚ ਸਟੇਟਸ ਕੋਅ ਦੇ ਆਦੇਸ਼

*** ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਕੱਢਿਆ**

ਚੰਡੀਗੜ੍ਹ, 11 ਅਗਸਤ (ਪੋਸਟ ਬਿਊਰੋ)- ਮੁਹਾਲੀ ਦੇ ਬਲਾਕ ਮਾਜਰੀ ਹੇਠਲੇ ਪਿੰਡ ਛੋਟੀ-ਬੜੀ ਨੰਗਲ ਵਿੱਚ ਜ਼ਮੀਨ ਖ਼ਾਲੀ ਕਰਵਾਉਣ ਦੇ ਕੇਸ ਵਿੱਚ ਪੰਜਾਬ ਸਰਕਾਰ ਨੂੰ ਝਟਕਾ ਲੱਗਾ ਹੈ। ਹਾਈ ਕੋਰਟ ਨੇ ਕਰੀਬ 1100 ਏਕੜ ਜ਼ਮੀਨ ਦੀ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਹੁਕਮ ਕੇ ਰਾਜ ਸਰਕਾਰ ਨੂੰ ਨੋਟਿਸ ਭੇਜ ਕੇ ਜਵਾਬ ਮੰਗਿਆ ਹੈ। ਹਾਈ ਕੋਰਟ ਨੂੰ ਦਿੱਤੀਅਰਜ਼ੀ ਵਿੱਚ ਫੌਜਾ ਸਿੰਘ ਇਨਫਰਾਸਟ੍ਰਕਚਰ ਪ੍ਰਾਈਵੇਟ ਲਿਮਟਿਡ ਕੰਪਨੀ ਨੇ ਦੱਸਿਆ ਕਿ ਕੁਆਰਕ ਗਰੁੱਪ ਨਾਲ ਸਬੰਧਤ ਕੰਪਨੀ ਦੀ ਉਪਰੋਕਤ ਪਿੰਡ ਵਿੱਚ 1047 ਏਕੜ ਜ਼ਮੀਨ ਉੱਤੇ ਬੀਤੀ 29 ਜੁਲਾਈ ਨੂੰ ਪੰਜਾਬ ਸਰਕਾਰ ਨੇ ਜ਼ਬਰਦਸਤੀ ਕਬਜ਼ਾ ਕਰ



ਲਿਆ ਹੈ। ਪੰਜਾਬ ਸਰਕਾਰ ਦੇ ਵਕੀਲਕੋਰਟ ਵਿੱਚ ਤਸੱਲੀਬਖ਼ਸ਼ ਜਵਾਬ ਨਹੀਂ ਦੇ ਸਕੇ ਤਾਂ ਕੋਰਟ ਨੇ ਨੋਟਿਸ ਜਾਰੀ ਕਰਕੇ ਇਸ ਬਾਰੇ ਪੂਰਾ ਜਵਾਬ ਦੇਣ ਲਈ ਕਿਹਾ ਹੈ। ਕੇਸ ਦੀ ਅਗਲੀ ਸੁਣਵਾਈ 22 ਅਗਸਤ ਨੂੰ ਹੋਵੇਗੀ। ਇਸਵਿੱਚ ਫੌਜਾ ਸਿੰਘ ਕੰਪਨੀ ਨੇ ਕਿਹਾ ਕਿ ਉਨ੍ਹਾਂ ਨੇ ਪੰਚਾਇਤ ਤੋਂ ਇਹ ਜ਼ਮੀਨ ਨਹੀਂ ਖ਼ਰੀਦੀ, ਉਨ੍ਹਾਂ ਤੋਂ ਪਹਿਲਾਂ ਕੋਈ ਹੋਰ ਇਸ ਦਾ ਮਾਲਕ ਸੀ, ਜਿਸ ਤੋਂ ਇਹ ਜ਼ਮੀਨ ਖ਼ਰੀਦੀ ਹੈ। ਕੰਪਨੀ ਨੇ ਕਿਹਾ ਕਿ ਜ਼ਮੀਨ ਬਾਰੇ 8 ਜੂਨ ਨੂੰ ਜੋ ਆਰਡਰ ਹੋਏ ਸਨ, ਉਸ ਦੀ ਕਾਪੀ ਉਨ੍ਹਾਂ ਨੂੰ ਨਹੀਂ ਦਿੱਤੀ ਗਈ ਅਤੇ ਜਦੋਂ ਤਕ ਉਨ੍ਹਾਂ ਨੂੰ ਪਤਾ ਲੱਗਾ, ਓਦੋਂ ਤੱਕ ਸਰਕਾਰ ਕਬਜ਼ਾ ਲੈ ਚੁੱਕੀ ਸੀ। ਹਾਈ ਕੋਰਟ ਵਿੱਚ ਜਸਟਿਸ ਏ ਜੀ ਮਸੀਹ ਅਤੇ ਜਸਟਿਸ ਸੰਦੀਪ ਮੌਦਗਿਲ ਦੇ ਬੈਂਚ ਵੱਲੋਂ ਸੁਣਵਾਈ ਮੌਕੇ ਕੰਪਨੀ ਨੇ ਜ਼ਮੀਨ ਦੇ ਪੁਰਾਣੇ ਦਸਤਾਵੇਜ਼ ਰੱਖੇ ਤਾਂ ਸਰਕਾਰੀ ਵਕੀਲ ਕੋਈ ਠੋਸ ਸਬੂਤ ਜਾਂ ਦਲੀਲ ਨਹੀਂ ਰੱਖ ਸਕੇ। ਕੰਪਨੀ ਨੇ ਜ਼ਮੀਨ ਵਿੱਚ ਇਸ ਪ੍ਰਾਪਰਟੀ ਦੀ ਭੰਨਤੋੜ ਦਾ ਵੀ ਦੋਸ਼ ਲਾਇਆ ਹੈ।

# ਬੰਬੀਹਾ ਗਰੋਹ ਦਾ ਖ਼ਤਰਨਾਕ ਗੈਂਗਸਟਰ ਦੋ ਸਾਥੀਆਂ ਸਮੇਤ ਗ੍ਰਿਫ਼ਤਾਰ

ਚੰਡੀਗੜ੍ਹ, 11 ਅਗਸਤ (ਪੋਸਟ ਬਿਊਰੋ)- ਪੰਜਾਬ ਪੁਲਸ ਦੀ ਐਂਟੀ ਗੈਂਗਸਟਰ ਟਾਸਕ ਫ਼ੋਰਸ (ਏ ਜੀ ਟੀ ਐਫ਼) ਨੇ ਬੰਬੀਹਾ ਗਰੋਹ ਨਾਲ ਸਬੰਧਤ ਖ਼ਤਰਨਾਕ ਗੈਂਗਸਟਰ ਹਰਪ੍ਰੀਤ ਸਿੰਘ ਉਰਫ਼ ਹੈਪੀ ਭੁੱਲਰ ਨੂੰ ਉਸ ਦੇ ਦੋ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਉਹ ਹਥਿਆਰਾਂ ਅਤੇ ਨਸ਼ਿਆਂ ਦੀ ਸਰਹੱਦ ਪਾਰ ਤੋਂ ਤਸਕਰੀ ਵਿੱਚ ਸ਼ਾਮਲ ਸਨ। ਗ੍ਰਿਫ਼ਤਾਰ ਕੀਤੇ ਗਏ ਬਾਕੀ ਦੋ ਜਣਿਆਂ ਦੀ ਪਛਾਣ ਰਾਜਵਿੰਦਰ ਸਿੰਘ ਤੇ ਪਰਮਬੀਰ ਸਿੰਘ ਉਰਫ਼ ਬੌਬੀ ਵਜੋਂ ਹੋਈ ਹੈ।ਪੁਲਸ ਨੇ ਇਨ੍ਹਾਂ ਤੋਂ ਚਾਰ ਪਿਸਤੌਲ ਜਿਨ੍ਹਾਂ ਵਿੱਚੋਂ ਇੱਕ 30 ਬੋਰ ਅਤੇ ਤਿੰਨ 32 ਬੋਰ ਸ਼ਾਮਲ ਹਨ, ਸਮੇਤ ਛੇ ਮੈਗਜ਼ੀਨ ਅਤੇ 125 ਜ਼ਿੰਦਾ ਕਾਰਤੂਸ, 1.05 ਕਿਲੋਗ੍ਰਾਮ ਹੈਰੋਇਨ, 78.27 ਲੱਖ ਰੁਪਏ ਦੀ ਡਰੱਗ ਮਨੀ, ਸੱਤ ਸੋਨੇ ਦੀਆਂ ਚੂੜੀਆਂ, 25 ਸੋਨੇ ਦੇ ਸਿੱਕੇ, ਚਾਰ ਸੋਨੇ ਦੀਆਂ ਚੇਨਾਂ, ਸੱਤ ਸੋਨੇ ਦੀਆਂ ਮੁੰਦਰੀਆਂ, ਇੱਕ ਚਾਂਦੀ ਦੀ ਚੇਨ, ਸਕੋਡਾ, ਹੌਂਡਾ ਸਿਟੀ



ਅਤੇ ਬ੍ਰੇਜ਼ਾ ਸਮੇਤ ਤਿੰਨ ਕਾਰਾਂ, ਯਾਮਾਹਾ, ਹੀਰੋ ਡੀਲਕਸ ਅਤੇ ਸਪਲੈਂਡਰ ਸਮੇਤ ਤਿੰਨ ਮੋਟਰਸਾਈਕਲ ਅਤੇ 15 ਸਮਾਰਟਫ਼ੋਨ ਵੀ ਬਰਾਮਦ ਕੀਤੇ ਹਨ। ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦੀ ਸਰਹੱਦ ਪਾਰ ਤੋਂ ਤਸਕਰੀ ਵਾਲਾ ਇਹ ਦੂਜਾ ਵੱਡਾ ਮਾਡਿਊਲ ਹੈ, ਜਿਸ ਦਾ ਪਿਛਲੇ ਦੋ ਦਿਨਾਂ ਵਿੱਚ ਪੰਜਾਬ ਪੁਲਸ ਵੱਲੋਂ ਪਰਦਾਫ਼ਾਸ਼ ਕੀਤਾ ਗਿਆ ਹੈ।

ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਏ ਡੀ ਜੀ ਪੀ ਪ੍ਰਮੋਦ ਬਾਨ ਦੀ ਅਗਵਾਈ ਵਿੱਚ ਬਣੀ ਐਂਟੀ ਗੈਂਗਸਟਰ ਟਾਸਕ ਫ਼ੋਰਸ ਨੇ ਖ਼ਤਰਨਾਕ ਗੈਂਗਸਟਰ ਹੈਪੀ ਭੁੱਲਰ, ਜੋ ਦਵਿੰਦਰ ਬੰਬੀਹਾ ਗੈਂਗ ਦਾ ਨਾਮੀ ਸ਼ੂਟਰ ਹੈ ਤੇ ਦੋ ਕਤਲ ਕੇਸਾਂ ਵਿੱਚ ਲੋੜੀਂਦਾ ਹੈ, ਨੂੰ ਫੜ ਲਿਆ ਹੈ। ਉਨ੍ਹਾਂ ਦੱਸਿਆ ਕਿ ਹੈਪੀ ਭੁੱਲਰ 2017 ਤੋਂ ਫਰਾਰ ਸੀ। ਪਤਾ ਲੱਗਾ ਹੈ ਕਿ ਹੈਪੀ ਭੁੱਲਰ ਅਪਰਾਧੀ ਪਿਛੋਕੜ ਵਾਲਾ ਬੰਦਾ ਹੈ ਅਤੇ ਜਲੰਧਰ ਦੇ ਫ਼ਾਈਨਾਂਸਰ ਗੁਰਮੀਤ ਸਿੰਘ ਉਰਫ਼ ਟਿੰਕੂ ਅਤੇ ਜੈਪਾਲ ਗਰੁੱਪ ਦੇ ਵਿਰੋਧੀ ਗੈਂਗ ਦੇ ਮੈਂਬਰ ਇੰਦਰਜੀਤ ਸਿੰਘ ਉਰਫ਼ ਟਿੰਡਾ ਸਮੇਤ ਦੋ ਕਤਲ ਕੇਸਾਂ ਵਿੱਚ ਲੋੜੀਂਦਾ ਹੈ। ਰਾਜਵਿੰਦਰ ਹੈਪੀ ਵੀ ਅਪਰਾਧਕ ਪਿਛੋਕੜ ਵਾਲਾ ਹੈ ਅਤੇ ਐਨ ਡੀ ਪੀ ਐਸ ਐਕਟ ਦੇ ਕੇਸਾਂ ਵਿੱਚ ਲੋੜੀਂਦਾ ਹੈ, ਜਦਕਿ ਪਰਮਬੀਰ ਬੌਬੀ ਅਸਲਾ ਐਕਟ ਦੇ ਕੇਸ ਵਿੱਚ ਲੋੜੀਂਦਾ ਹੈ। ਮੁੱਢਲੀ ਜਾਂਚ ਦੇ ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਦੋਸ਼ੀ ਵੱਡੇ ਪੱਧਰ ਉੱਤੇ ਸਰਹੱਦ ਪਾਰ ਤੋਂ ਨਸ਼ਿਆਂ ਦੀ ਤਸਕਰੀ ਵਿੱਚ ਸ਼ਾਮਲ ਸਨ ਅਤੇ ਜੰਮੂ ਕਸ਼ਮੀਰ ਵਿੱਚ ਉਨ੍ਹਾਂ ਦੇ ਸੰਬੰਧ ਹਨ। ਜ਼ਿਕਰਯੋਗ ਹੈ ਕਿ ਇਸ ਬਾਰੇ ਐਸ ਏ ਐਸ ਨਗਰ ਦੇ ਥਾਣਾ ਢਕੋਲੀ ਵਿਖੇ ਕੇਸਾ ਦਰਜ ਕੀਤਾ ਗਿਆ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW



# ਵਰੁਣ ਗਾਂਧੀ ਨੇ ਕਿਹਾ, ਗਰੀਬ ਦੇ ਮੂੰਹੋਂ ਬੁਰਕੀ ਖੋਹ ਕੇ ਤਿਰੰਗੇ ਦਾ ਮੁੱਲ ਵਸੂਲਣਾ ਸ਼ਰਮਨਾਕ

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਪੀਲੀਭੀਤ ਤੋਂ ਭਾਜਪਾ ਦੇ ਪਾਰਲੀਮੈਂਟ ਮੈਂਬਰ ਵਰੁਣ ਗਾਂਧੀ ਨੇ ਕੱਲ੍ਹ ਇੱਥੇ ਕਿਹਾ ਕਿ ਰਾਸ਼ਨ ਕਾਰਡ ਹੋਲਡਰਾਂ ਨੂੰ ਕੌਮੀ ਝੰਡਾ ਖਰੀਦਣ ਨੂੰ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਜਸ਼ਨ ਜੇ ਗਰੀਬ ਲੋਕਾਂ ਉੱਤੇ ਬੋਝ ਬਣਦੇ ਹਨ ਤਾਂ ਬਹੁਤ ਮੰਦਭਾਗਾ ਹੋਵੇਗਾ।

ਵਰੁਣ ਗਾਂਧੀ ਨੇ ਹਿੰਦੀ ਵਿੱਚ ਕੀਤੇ ਟਵੀਟ ਵਿੱਚ ਕਿਹਾ, ''ਤਿਰੰਗਾ ਹਰ ਭਾਰਤੀ ਦੇ ਦਿੱਲ ਵਿੱਚ ਵਸਦਾ ਹੈ, ਉਸ ਦੀ ਕੀਮਤ ਵਸੂਲਣ ਲਈ ਗਰੀਬ ਦੇ ਮੂੰਹੋਂ ਰੋਟੀ ਦੀ ਬੁਰਕੀ ਖੋਹਣਾ ਸ਼ਰਮਨਾਕ ਹੈ।' ਵਰੁਣ ਨੇ ਟਵੀਟ ਦੇ ਨਾਲ ਵੀਡੀਓ ਵੀ ਪੋਸਟ ਕੀਤੀ ਹੈ, ਜਿਸ ਵਿੱਚ ਰਾਸ਼ਨ ਕਾਰਡ ਹੋਲਡਰ ਤਿਰੰਗਾ ਖਰੀਦਣ ਲਈ ਜਬਰੀ ਰੁਪਏ ਵਸੂਲਣ ਦੀ ਸ਼ਿਕਾਇਤ ਕਰ ਰਹੇ ਹਨ। ਉਸ ਨੇ ਕਿਹਾ, ''ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਜਸ਼ਨ ਜੇ ਗਰੀਬ ਲੋਕਾਂ ਉੱਤੇ ਬੋਝ ਬਣਦੇ ਹਨ ਤਾਂ ਇਹ ਬਹੁਤ ਮੰਦਭਾਗਾ ਹੈ। ਰਾਸ਼ਨ ਕਾਰਡ ਹੋਲਡਰਾਂ ਨੂੰ ਤਿਰੰਗਾ ਖਰੀਦਣ ਲਈ ਮਜਬੂਰ ਕੀਤਾ ਜਾਂਦੈ ਜਾਂ ਫਿਰ ਰਸ਼ਨ ਦੇਣ ਤੋਂ ਨਾਂਹ ਨੁੱਕਰ ਕੀਤੀ ਜਾ ਰਹੀ ਹੈ।''

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ 'ਹਰ ਘਰ ਤਿਰੰਗਾ' ਪ੍ਰੋਗਰਾਮ ਹੇਠ 13 ਤੋਂ 15 ਅਗਸਤ ਦੌਰਾਨ ਆਪਣੇ ਘਰਾਂ ਉੱਤੇ ਕੌਮੀ ਝੰਡਾ ਲਾਉਣ ਜਾਂ ਲਹਿਰਾਉਣ। ਭਾਜਪਾ ਨੇ ਪ੍ਰਧਾਨ ਮੰਤਰੀ ਦੇ ਸੱਦੇ ਨੂੰ ਵੱਡੀ ਪੱਧਰ ਉੱਤੇ ਸਫਲ ਬਣਾਉਣ ਲਈ ਮੁਹਿੰਮ ਚਲਾਈਹੈ। ਵਰੁਣ ਗਾਂਧੀ ਪਹਿਲਾਂ ਵੀ ਵੱਖ-ਵੱਖ ਮੁੱਦਿਆਂ ਬਾਰੇ ਆਪਣੀ ਸਰਕਾਰ ਨੂੰ ਘੇਰਦੇ ਰਹੇ ਹਨ।

ਇਸ ਦੌਰਾਨ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਦੁਕਾਨਦਾਰ ਰਾਸ਼ਨ ਕਾਰਡ ਹੋਲਡਰਾਂ ਨੂੰ ਕੌਮੀ ਝੰਡੇ ਖਰੀਦਣ ਨੂੰ ਮਜਬੂਰ ਕਰ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ 'ਰਾਸ਼ਟਰਵਾਦ' ਵੇਚ ਰਹੀ ਹੈ ਤੇ ਉਸ ਨੇ ਗਰੀਬ ਗੁਰਬੇ ਦੇ ਸਵੈਮਾਨ ਨੂੰ ਸੱਟ ਮਾਰੀ ਹੈ। ਸਾਬਕਾ ਕਾਂਗਰਸ ਪ੍ਰਧਾਨ ਨੇ ਫੇਸਬੁੱਕ ਪੋਸਟ ਵਿੱਚ ਕਿਹਾ ਹੈ ਕਿ ਤਿਰੰਗਾ ਸਾਡਾ ਗੌਰਵ ਹੈ ਤੇ ਇਹ ਹਰ ਭਾਰਤੀ ਦੇ ਦਿੱਲ ਵਿੱਚ ਵਸਦਾ ਹੈ। ਗਾਂਧੀ ਨੇ ਕਿਹਾ, ''ਰਾਸ਼ਟਰਵਾਦ ਨੂੰ ਕਦੇ ਵੀ ਵੇਚਿਆ ਨਹੀਂ ਜਾ ਸਕਦਾ। ਰਾਸ਼ਨ ਦੇਣ ਮੌਕੇ ਗਰੀਬ ਤੋਂ ਤਿਰੰਗੇ ਲਈ 20 ਰੁਪਏ ਮੰਗਣੇ ਸ਼ਰਮਨਾਕ ਹੈ।''

# ਚੀਫ ਜਸਟਿਸ ਨੇ ਸੀਨੀਅਰ ਵਕੀਲਾਂ ਨੂੰ ਕੇਸਾਂ ਦਾ ਫੌਰੀ ਜ਼ਿਕਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ

* ਚਲੀ ਆ ਰਹੀ ਰਿਵਾਇਤ ਉੱਤੇ ਰੋਕ ਦੀ ਕੋਸ਼ਿਸ਼

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਭਾਰਤ ਦੇ ਚੀਫ ਜਸਟਿਸ ਐਨ ਵੀ ਰਾਮੰਨਾ ਨੇ ਆਪਣੀ ਅਦਾਲਤ ਵਿੱਚ ਸੀਨੀਅਰ ਵਕੀਲਾਂ ਨੂੰ ਕੇਸਾਂ ਦੀ ਫੌਰੀ ਸੁਣਵਾਈ ਲਈ ਉਨ੍ਹਾਂ ਦਾ ਜ਼ਿਕਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਉਨ੍ਹਾਂ ਕਿਹਾ, 'ਸੀਨੀਅਰ ਵਕੀਲਾਂ ਨੂੰ ਕੇਸਾਂ ਦਾ ਜ਼ਿਕਰ ਕਰਨ ਦੀ ਇਜਾਜ਼ਤ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।'

ਅਸਲ ਵਿੱਚਲਿਸਟਿਡ ਕੇਸਾਂ ਦੀ ਸੁਣਵਾਈ ਤੋਂ ਪਹਿਲਾਂ ਚੀਫ ਜਸਟਿਸ



ਦੀ ਅਦਾਲਤ ਵਿੱਚ ਵਕੀਲਾਂ ਖਾਸ ਕਰ ਕੇ ਸੀਨੀਅਰ ਵਕੀਲਾਂ ਵੱਲੋਂ ਕੇਸਾਂ ਦੀ ਫੌਰੀ ਸੁਣਵਾਈ ਲਈ ਉਨ੍ਹਾਂ ਦਾ ਜ਼ਿਕਰ ਕੀਤੇ ਜਾਣ ਦੀ ਰਿਵਾਇਤ ਹੈ। ਜਦੋਂ ਲਾਈਨ ਵਿੱਚ ਖੜ੍ਹੇ ਇੱਕ ਵਕੀਲ ਨੇ ਆਪਣੇ ਕੇਸ ਦੀ ਫੌਰੀ ਸੁਣਵਾਈ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਚੀਫ ਜਸਟਿਸ ਨੇ ਕਿਹਾ, ''ਮੈਂ ਸੀਨੀਅਰ ਵਕੀਲਾਂ ਦੀਆਂ ਪਟੀਸ਼ਨਾਂ ਉੱਤੇ ਸੁਣਵਾਈ ਨਹੀਂ ਕਰਦਾ। ਕ੍ਰਿਪਾ ਕਰ ਕੇ ਆਪਣੇ ਐਡਵੋਕੇਟ ਆਨ ਰਿਕਾਰਡ ਨੂੰ ਇਸ ਦਾ ਜ਼ਿਕਰ ਭਲਕੇ ਕਰਨ ਨੂੰ ਆਖੋ।''ਚੀਫ ਜਸਟਿਸ ਰਾਮੰਨਾ ਦੀ ਅਗਵਾਈ ਹੇਠਲੇ ਇਸ ਬੈਂਚ ਵਿੱਚ ਜਸਟਿਸ ਕ੍ਰਿਸ਼ਨਾ ਮੁਰਾਰੀ ਅਤੇ ਹਿਮਾ ਕੋਹਲੀ ਸ਼ਾਮਲ ਹਨ। ਇਸ ਬੈਂਚ ਨੇ ਕਪਿਲ ਸਿੱਬਲ ਅਤੇ ਏ ਐਮ ਸਿੰਘਵੀ ਸਮੇਤ ਸੀਨੀਅਰ ਵਕੀਲਾਂ ਨੂੰ ਕੇਸਾਂ ਦਾ ਜ਼ਿਕਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਚੀਫ ਜਸਟਿਸ ਨੇ ਕਿਹਾ, ''ਸੀਨੀਅਰ ਵਕੀਲਾਂ ਨੂੰ ਕੇਸਾਂ ਦੇ ਜ਼ਿਕਰ ਦੀ ਖੁੱਲ੍ਹ ਨਾ ਦੇਣਾ ਬਿਹਤਰ ਹੈ। ਮੈਂ ਰਿਵਾਇਤਰੋਕਣੀ ਚਾਹੁੰਦਾ ਹਾਂ। ਮੁਆਫ ਕਰੋ ਸ੍ਰੀਮਾਨ ਸਿੰਘਵੀ, ਮੈਂ ਸੀਨੀਅਰ ਵਕੀਲਾਂ ਨੂੰ ਪਹਿਲ ਨਹੀਂ ਦਿੰਦਾ। ਸ੍ਰੀਮਨ ਸਿੱਬਲ, ਤੁਹਾਡੇ ਉੱਤੇ ਇਹ ਗੱਲ ਲਾਗੂ ਹੰਦੀ ਹੈ।''

# ਮੁਹੱਰਮ ਦੇ ਜਲੂਸ ਦੌਰਾਨ ਡੀ ਜੇ ਵਜਾਉਣ ਤੋਂ ਹਿੰਦੂਆਂ ਦੀਆਂ ਦੁਕਾਨਾਂ ਅਤੇ ਘਰਾਂ ਉੱਤੇ ਪਥਰਾਅ



ਬਰੇਲੀ, 11 ਅਗਸਤ (ਪੋਸਟ ਬਿਊਰੋ)- ਮੁਹੱਰਮ ਦਾ ਜਲੂਸ ਨਿਕਲਣ ਵੇਲੇ ਉਤਰ ਪ੍ਰਦੇਸ਼ ਦੇ ਬਰੇਲੀ ਦੇ ਭੋਜੀਪੁਰਾ ਥਾਣੇ ਦੇ ਪਿੰਡ ਮਝੌਆ ਗੰਗਾਪੁਰ ਵਿੱਚ ਡੀ ਜੇ ਵਜਾਉਣ ਤੋਂ ਇੱਕ ਭਾਈਚਾਰੇ ਦੇ ਲੋਕਾਂ ਨੇ ਹਿੰਦੂਆਂ ਦੀਆਂ ਦੁਕਾਨਾਂ ਅਤੇ ਘਰਾਂ ਉੱਤੇ ਪਥਰਾਅ ਕਰ ਦਿੱਤਾ। ਇਸ ਘਟਨਾ ਵਿੱਚ ਲੱਗਭਗ 12 ਲੋਕ ਜ਼ਖ਼ਮੀ ਹੋ ਗਏ।

ਹਿੰਦੂ ਭਾਈਚਾਰੇ ਦੀਆਂ ਔਰਤਾਂ ਤੇ ਮਰਦਾਂ ਦਾ ਕਹਿਣਾ ਹੈ ਕਿ ਇੱਕ ਭਾਈਚਾਰੇ ਦੇ ਲੋਕਾਂ ਨੇ ਪੁਲਸ ਦੀ ਮੌਜੂਦਗੀ ਵਿੱਚ ਵੀ ਪਥਰਾਅ ਕੀਤਾ ਅਤੇ ਘਰ ਵਿੱਚ ਵੜ ਕੇ ਕੁੱਟਮਾਰ ਕੀਤੀ। ਪੁਲਸ ਮੂਕਦਰਸ਼ਕ ਬਣੀ ਰਹੀ। ਖੇਤਰ ਦੇ ਵਿਗੜੇ ਹਾਲਾਤ ਨੂੰ ਦੇਖ ਕੇ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ।ਇੱਕ ਸਮਾਜ ਦੇ ਲੋਕਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਦੋਂ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਕਾਂਵੜੀਆਂ ਉੱਤੇ ਫੁੱਲ ਵਰਸਾਸਕਦੇ ਹਨ ਤਾਂ ਅਸੀਂ ਡੀ ਜੇ ਕਿਉਂ ਨਹੀਂ ਵਜਾ ਸਕਦੇ। ਜਦੋਂ ਉਹ ਨਵੀਂ ਪਰੰਪਰਾ ਪਾਉਣਗੇ ਤਾਂ ਅਸੀਂ ਵੀ ਨਵੀਂ ਪਰੰਪਰਾ ਪਾ ਸਕਦੇ ਹਾਂ।

ਵਾਰਾਣਸੀ ਵਿੱਚ ਹਜਰਤ ਮੁਹੰਮਦ ਸਾਹਿਬ ਦੇ ਦੋਹਤੇ ਹਜਰਤ ਇਮਾਮ ਹਸਨ ਅਤੇ ਹੁਸੈਨ ਦੀ ਸ਼ਹਾਦਤ ਦੀ ਯਾਦ ਵਿੱਚ ਨੌਮੀ ਅਤੇ ਦਸਵੀਂ ਨੂੰ ਤਾਜੀਆ ਜੁਲੂਸ ਕੱਢਿਆ ਜਾਂਦਾ ਹੈ। ਮੁਹੱਰਮ ਦੀ ਦਸਵੀਂ ਦੀ ਸਵੇਰ ਕਰਬਲਾ ਵਿੱਚ ਅਰਾਮ ਕੀਤਾ ਜਾਂਦਾ ਹੈ। ਕੱਲ੍ਹ ਜਿੱਥੇ ਦੇਸ਼ ਵਿੱਚ ਮੁਹੱਰਮ ਦਾ ਤਿਓਹਾਰ ਮਨਾਇਆ ਗਿਆ ਤਾਂ ਉਤਰ ਪ੍ਰਦੇਸ਼ ਦੇ ਵਾਰਾਣਸੀ ਜ਼ਿਲ੍ਹੇ ਵਿੱਚ ਤਾਜੀਆ ਜਲੂਸ ਦੌਰਾਨ ਹੰਗਾਮਾ ਹੋਇਆ। ਇੱਥੇ ਤਾਜੀਆ ਜੁਲੂਸ ਦੌਰਾਨ ਹੰਗਾਮੇ ਤੋਂ ਬਾਅਦ ਖੂਬ ਕੁੱਟਮਾਰ ਹੋਈ ਅਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਹਮਲੇ ਵਿੱਚ ਛੇ ਲੋਕ ਜ਼ਖ਼ਮੀ ਹੋ ਗਏ।

## ਯੋਗੀ ਵੱਲੋਂ ਔਰਤਾਂ ਲਈ ਮੁਫ਼ਤ ਬੱਸ ਸੇਵਾ ਦੇ ਐਲਾਨ ਨੂੰ ਆਪ ਪਾਰਟੀ ਨੇ ਮੋਦੀ ਵਿਰੁੱਧ ਬਗ਼ਾਵਤ ਦੱਸਿਆ

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੱਲੋਂ 60 ਸਾਲ ਤੋਂ ਉੱਪਰ ਦੀਆਂ ਔਰਤਾਂ ਲਈ ਮੁਫ਼ਤ ਬੱਸ ਸਫਰ ਦੇ ਐਲਾਨ ਪਿੱਛੋਂ ਆਮ ਆਦਮੀ ਪਾਰਟੀ ਨੇ ਕੱਲ੍ਹ ਕਿਹਾ ਕਿ ਏਦਾਂ ਪ੍ਰਤੀਤ ਹੁੰਦਾ ਹੈ ਕਿ ਉਤਰ ਪ੍ਰਦੇਸ਼ ਵਿੱਚ ਭਾਜਪਾ ਦੀ ਮੁੱਖ ਲੀਡਰਸ਼ਿਪ ਵਿਰੁੱਧ 'ਬਗਾਵਤ' ਹੋ ਰਹੀ ਹੈ।

ਆਮ ਆਦਮੀ ਪਾਰਟੀ ਨੇ ਕਿਹਾ ਕਿ ਮੁਫ਼ਤ ਚੀਜ਼ਾਂ ਅਤੇ ਸੇਵਾਵਾਂ ਦੇਣ ਲਈ ਪ੍ਰਧਾਨ ਮੰਤਰੀ ਯੋਗੀ ਆਦਿਤਿਆਨਾਥ 'ਕੇਜਰੀਵਾਲ ਮਾਡਲ' ਅਪਣਾ ਰਹੇ ਹਨ।ਇਸ ਤੋਂ ਪਹਿਲਾਂ ਕੱਲ੍ਹ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਟਵੀਟ ਕੀਤਾ ਸੀ ਕਿ 'ਬਹੁਤ ਜਲਦੀ ਉਤਰ ਪ੍ਰਦੇਸ਼ ਵਿੱਚ ਅਸੀਂ 60 ਸਾਲ ਤੋਂ ਵਧ ਉਮਰ ਦੀਆਂ ਮਾਵਾਂ ਤੇ ਭੈਣਾਂ ਨੂੰ ਸਰਕਾਰ ਬੱਸਾਂ ਵਿੱਚ ਮੁਫ਼ਤ ਯਾਤਰਾ ਦੀ ਵਿਵਸਥਾ ਕਰਨ ਵਾਲੇ ਹਾਂ।' ਇਸ ਟਵੀਟ ਉੱਤੇਆਮ ਆਦਮੀ ਪਾਰਟੀ ਦੇ ਬੁਲਾਰੇ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਟਵਿੱਟਰ ਉੱਤੇ ਲਿਖਿਆ ਕਿ ਅਜਿਹਾ ਲਗਦਾ ਹੈ ਕਿ ਬਿਹਾਰ ਤੋਂ ਬਾਅਦ ਉਤਰ ਪ੍ਰਦੇਸ਼ ਵਿੱਚ ਮੋਦੀ ਜੀ ਦੇ ਖ਼ਿਲਾਫ਼ ਬਗਾਵਤ ਹੋ ਰਹੀ ਹੈ। ਆਮ ਆਦਮੀ ਪਾਰਟੀ ਦੀ ਸਿਆਸੀ ਮਾਮਲਿਆਂ ਦੀ ਕਮੇਟੀ ਦੇ ਮੈਂਬਰ ਆਤਿਸ਼ੀ ਨੇ ਵੀ ਪ੍ਰਧਾਨ ਮੰਤਰੀ ਉੱਤੇ ਨਿਸ਼ਾਨਾ ਕੱਸਦੇ ਹੋਏ ਟਵੀਟ ਕੀਤਾ,'ਮੋਦੀ ਮੁਫ਼ਤ ਚੀਜ਼ਾਂ ਅਤੇ ਸੇਵਾਵਾਂ ਦਾ ਵਿਰੋਧ ਕਰਦੇ ਹਨ ਤੇ ਯੋਗੀ ਮੁਫ਼ਤ ਚੀਜ਼ਾਂ ਅਤੇ ਸੇਵਾਵਾਂ ਦੇਣਾ ਚਾਹੁੰਦੇ ਹਨ।'ਉਨ੍ਹਾਂ ਕਿਹਾ,''ਭਾਜਪਾ ਵਿੱਚ ਤਲਵਾਰਾਂ ਖਿੱਚੀਆਂ ਗਈਆਂ ਹਨ।'' ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਆਪਣੀ ਪਾਰਟੀ ਦੇ ਨੇਤਾਵਾਂ ਦੇ ਟਵੀਟ ਨੂੰ ਰੀਟਵੀਟ ਕੀਤਾ, ਪਰ ਕੋਈ ਟਿੱਪਣੀ ਨਹੀਂ ਕੀਤੀ।

# 'ਲੰਪੀ ਸਕਿਨ' ਬਿਮਾਰੀ ਦੀ ਵੈਕਸੀਨ ਤਿਆਰ

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਪਿਛਲੇ ਕੁਝ ਮਹੀਨਿਆਂ ਦੌਰਾਨ ਕਈ ਰਾਜਾਂ ਦੇ ਪਸ਼ੂਆਂ ਵਿੱਚ ਫੈਲੀ ਲੰਪੀ ਸਕਿਨ ਬਿਮਾਰੀ ਬਾਰੇ ਖੇਤੀ ਖੋਜ ਸੰਸਥਾ ਆਈ ਸੀ ਏ ਆਰ ਨੇ ਦੇਸ਼ੀ ਵੈਕਸੀਨ ਬਣਾ ਲਈ ਹੈ। ਭਾਰਤ ਸਰਕਾਰ ਨੇ ਆਈ ਸੀ ਏ ਆਰ ਦੀਆਂ ਦੋ ਸੰਸਥਾਵਾਂ ਵੱਲੋਂ ਬਣਾਈ ਇਹ ਵੈਕਸੀਨ ਬਾਜ਼ਾਰ ਵਿੱਚ ਲਿਜਾਣ ਦੀ ਯੋਜਨਾ ਬਣਾਈ ਹੈ, ਤਾਂ ਜੋ ਪੰਜਾਬ ਸਮੇਤ ਛੇ ਰਾਜਾਂਦੇ ਪਸ਼ੂਆਂ ਵਿੱਚ ਫੈਲੀ 'ਲੰਪੀ ਸਕਿਨ' ਦੀ ਬੀਮਾਰੀ ਉੱਤੇ ਕਾਬੂ ਪਾਇਆ ਜਾ ਸਕੇ। 8 ਅਗਸਤ ਤਕ ਇਸ ਬਿਮਾਰੀ ਨਾਲ ਪੰਜਾਬ ਵਿੱਚ 672, ਰਾਜਸਥਾਨ ਵਿੱਚ 2111, ਗੁਜਰਾਤ ਵਿੱਚ 1679, ਹਿਮਾਚਲ ਪ੍ਰਦੇਸ਼ ਵਿੱਚ 38, ਅੰਡੇਮਾਨ ਤੇ ਨਿਕੋਬਾਰ ਵਿੱਚ 29 ਪਸ਼ੂਆਂ ਦੀ ਮੌਤ ਹੋਈ ਹੈ। ਆਈ ਸੀ ਏ ਆਰ-ਘੋੜਿਆਂ ਸਬੰਧੀ ਰਾਸ਼ਟਰੀ ਖੋਜ ਕੇਂਦਰ (ਐਨ ਆਰ ਸੀ ਈ), ਹਿਸਾਰ (ਹਰਿਆਣਾ) ਨੇ ਆਈ ਈ ਏ ਆਰ-ਪਸ਼ੂਆਂ ਦੇ ਇਲਾਜ ਸਬੰਧੀ ਭਾਰਤੀ ਖੋਜ ਸੰਸਥਾ (ਆਈ ਵੀ ਆਰ ਆਈ) ਇਜ਼ਾਤਨਗਰ (ਉਤਰ ਪ੍ਰਦੇਸ਼) ਦੇ ਸਹਿਯੋਗ ਨਾਲ 'ਲੰਪੀ ਸਕਿਨ' ਬੀਮਾਰੀ ਦੀ ਵੈਕਸੀਨ 'ਲੰਪੀ-ਪ੍ਰੋਵੈਕਇੰਡ' ਬਣਾਈ ਹੈ।

# ਪ੍ਰਧਾਨ ਮੰਤਰੀ ਮੋਦੀ ਕੋਲ 2.23 ਕਰੋੜ ਰੁਪਏ ਦੀ ਚੱਲ ਜਾਇਦਾਦ

* ਜ਼ਮੀਨ ਦਾ ਟੁਕੜਾ ਦਾਨ ਕੀਤਾ, ਅਚੱਲ ਜਾਇਦਾਦ ਕੋਈ ਨਹੀਂ ਰੱਖੀ

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਕੁੱਲ ਜਮ੍ਹਾਂ 2.23 ਕਰੋੜ ਰੁਪਏ ਦੇ ਮੁੱਲ ਦੀ ਨਿੱਜੀ ਜਾਇਦਾਦ ਹੈ ਅਤੇ ਇਸ ਵਿੱਚੋਂ ਬਹੁਤਾ ਬੈਂਕ ਵਿੱਚ ਜਮ੍ਹਾਂ ਧਨ ਹੈ। ਉਨ੍ਹਾਂ ਕੋਲ ਇਸ ਵੇਲੇ ਕੋਈ ਅਚੱਲ ਜਾਇਦਾਦ ਨਹੀਂ ਹੈ। ਗਾਂਧੀਨਗਰ ਵਿੱਚ ਉਨ੍ਹਾਂ ਕੋਲ ਜ਼ਮੀਨ ਦਾ ਟੁਕੜਾ ਸੀ, ਉਹ ਦਾਨ ਕਰ ਦਿੱਤਾ ਸੀ।

ਇਸ ਬਾਰੇਪ੍ਰਧਾਨ ਮੰਤਰੀ ਦੀ 31 ਮਾਰਚ 2022 ਤਕ ਆਪਣੀ ਜਾਇਦਾਦ ਐਲਾਨ ਅਨੁਸਾਰ ਉਨ੍ਹਾਂ ਕਿਸੇ ਬਾਂਡ, ਸ਼ੇਅਰ ਜਾਂ ਮਿਊਚਲ ਫੰਡ ਵਿੱਚ ਨਿਵੇਸ਼ ਨਹੀਂ ਕੀਤਾ। ਉਨ੍ਹਾਂ ਕੋਲ ਸੋਨੇ ਦੀਆਂ ਚਾਰ ਅੰਗੂਠੀਆਂ ਹਨ, ਜਿਨ੍ਹਾਂ ਦੀ ਕੀਮਤ 1.73 ਲੱਖ ਰੁਪਏ ਹੈ।ਪ੍ਰਧਾਨ ਮੰਤਰੀ ਦਫਤਰ (ਪੀ ਐਮ ਓ) ਦੀ ਵੈਬਸਾਈਟ ਉੱਤੇ ਅਪਲੋਡ



ਕੀਤੀ ਸੂਚਨਾ ਅਨੁਸਾਰ ਪ੍ਰਧਾਨ ਮੰਤਰੀ ਮੋਦੀ ਕੋਲ 31 ਮਾਰਚ ਤਕ ਕੁੱਲ ਦੋ ਕਰੋੜ 23 ਲੱਖ 82 ਹਜ਼ਾਰ 504 ਰੁਪਏ ਹਨ। ਉਨ੍ਹਾਂ ਕੋਲ ਕੋਈ ਮਕਾਨ ਅਤੇ ਵਾਹਨ ਨਹੀਂ ਹੈ। ਪਿਛਲੇ ਸਾਲ ਵਿੱਚ ਉਨ੍ਹਾਂ ਦੀ ਚੱਲ ਜਾਇਦਾਦ 26.13 ਕਰੋੜ ਰੁਪਏ ਵਧੀ ਹੈ। ਉਨ੍ਹਾਂ ਕੋਲ 1.1 ਕਰੋੜ ਰੁਪਏ ਦੀ ਅਚੱਲ ਜਾਇਦਾਦ ਸੀ, ਉਹ ਉਨ੍ਹਾਂ ਨੇ ਦਾਨ ਕਰ ਦਿੱਤੀ ਹੈ। ਇਸ ਲਈ ਉਨ੍ਹਾਂ ਕੋਲ ਅੱਜ ਕੋਈ ਅਚੱਲ ਜਾਇਦਾਦ ਨਹੀਂ।ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਅਕਤੂਬਰ 2002 ਵਿੱਚ ਉਨ੍ਹਾਂ ਨੇ ਦੋ ਹੋਰ ਲੋਕਾਂ ਨਾਲ ਮਿਲ ਕੇ ਇੱਕ ਰਿਹਾਇਸ਼ੀ ਪਲਾਟ ਖਰੀਦਿਆ ਸੀ। ਇਸ ਵਿੱਚ ਤਿੰਨਾਂਜਣਿਆਂ ਦਾ ਬਰਾਬਰ ਦਾ ਹਿੱਸਾ ਸੀ।

ਨਵੀਂ ਅਪਡੇਟ ਅਨੁਸਾਰ ਆਪਣੇ ਹਿੱਸੇ ਦੀ ਅਚੱਲ ਜਾਇਦਾਦ ਸਰਵੇਖਣ ਗਿਣਤੀ 401/ਏ ਅਨੁਸਾਰ ਆਪਣੇ 25 ਫੀਸਦੀ ਦੀ ਅਚੱਲ ਜਾਇਦਾਦ ਮੋਦੀ ਨੇ ਦਾਨ ਕਰ ਦਿੱਤੀ ਸੀ। 31 ਮਾਰਚ 2022 ਤਕ ਮੋਦੀ ਕੋਲ ਨਗਦ ਰਕਮ ਸਿਰਫ 35,250 ਰੁਪਏ ਹੈ। ਡਾਕਖਾਨੇ ਵਿੱਚ 9,05,105 ਰੁਪਏ ਹਨ ਤੇ ਡਾਕਖਾਨੇ ਵਿੱਚ ਸਰਟੀਫਿਕੇਟ (ਐਨ ਐਸ ਏ) ਅਤੇ 1,89,305 ਰੁਪਏ ਦੀ ਜੀਵਨ ਬੀਮਾ ਪਾਲਿਸੀ ਹੈ।

# ਸੈਂਟਰਲ ਵਿਸਟਾ ਦਾ ਐਗਜ਼ੀਕਿਊਟਿਵ ਇਨਕਲੇਵ ਕੰਮ ਨਿਯਮਾਂ ਵਿੱਚ ਫਸਿਆ

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਦੀ ਬਹੁ ਚਰਚਿਤ ਸੈਂਟਰਲ ਵਿਸਟ ਯੋਜਨਾ ਹੇਠ ਬਣਾਏ ਜਾ ਰਹੇ ਐਗਜ਼ੀਕਿਊਟਿਵ ਇਨਕਲੇਵ ਦੇ ਕੰਮ ਦੀ ਯੋਜਨਾ ਵਾਤਾਵਰਣ ਨਿਯਮਾਂ ਵਿੱਚ ਫਸ ਗਈ ਹੈ।



ਕੇਂਦਰੀ ਲੋਕ ਨਿਰਮਾਣ ਵਿਭਾਗ (ਸੀ ਪੀ ਡਬਲਯੂ ਡੀ) ਵੱਲੋਂ ਕਰੀਬ ਅੱਠ ਮਹੀਨੇ ਪਹਿਲਾਂ ਇਸ ਸਬੰਧ ਵਿੱਚ ਭੇਜੇ ਗਏ ਪ੍ਰਸਤਾਵ ਨੂੰ ਦਿੱਲੀ ਰਾਜ ਵਾਤਾਵਰਣ ਪ੍ਰਮੁੱਖ ਮੁੱਲਾਂਕਣ ਅਥਾਰਟੀ (ਐਸ ਈ ਆਈ ਏ ਏ) ਨੇ ਮਨਜ਼ੂਰੀ ਨਹੀਂ ਦਿੱਤੀ। ਇਸ ਦੀ ਸਮੀਖਿਆ ਲਈ ਦਿੱਲੀ ਰਾਜ ਮਾਹਰ ਮੁੱਲਾਂਕਣ ਕਮੇਟੀ (ਐਸ ਈ ਏ ਸੀ) ਨੇ ਉਪ ਕਮੇਟੀ ਬਣਾਈ ਹੈ, ਜੋ ਸਾਈਟ ਦਾ ਦੌਰਾ ਕਰ ਕੇ ਯਕੀਨੀ ਕਰੇਗੀ ਕਿ ਦਿੱਲੀ ਦੀ ਵਾਤਾਵਰਣ ਨੀਤੀ ਦਾ ਪਾਲਣ ਹੋ ਰਿਹਾ ਹੈ ਜਾਂ ਨਹੀਂ। ਜ਼ਿਕਰ ਯੋਗ ਹੈ ਕਿ ਸੈਂਟਰਲ ਵਿਸਟਾ ਯੋਜਨਾ ਹੇਠ ਐਗਜ਼ੀਕਿਊਟਿਵ ਇਨਕਲੇਵ ਵਿੱਚ ਪ੍ਰਧਾਨ ਮੰਤਰੀ ਦਫਤਰ ਅਤੇ ਕੈਬਨਿਟ ਸੈਕਟਰੀਏਟ ਬਣਾਇਆ ਜਾਣਾ ਹੈ। ਇੱਥੇ ਆਉਣ ਵਾਲੇ ਦਰੱਖਤਾਂ ਦੇ ਇੰਪਲਾਂਟ ਬਾਰੇ ਸੀ ਪੀ ਡਬਲਯੂ ਨੇ ਪਿਛਲੇ ਸਾਲ ਪ੍ਰਸਤਾਵ ਭੇਜਿਆ ਸੀ। ਐਸ ਈ ਆਈ ਏ ਏ ਨੂੰ ਭੇਜਣ ਤੋਂ ਪਹਿਲਾਂ ਪ੍ਰਸਤਾਵ ਦੀ ਜਾਂਚ ਐਸ ਈ ਏ ਸੀ ਵੱਲੋਂ ਕੀਤੀ ਗਈ ਹੈ। ਇਸ ਬਾਰੇ ਪਿਛਲੇ ਸ਼ਨੀਵਾਰ ਐਸ ਈ ਏ ਸੀ ਦੀ ਬੈਠਕ ਹੋਈ ਸੀ। ਬੈਠਕ ਦੇ ਦਸਤਾਵੇਜ਼ਾਂ ਮੁਤਾਬਕ ਰੁੱਖਾਂ ਨੂੰ ਬਣਾਈ ਰੱਖਣ ਲਈ ਯੋਜਨਾ ਬਣਾਉਣ ਦਾ ਫੈਸਲਾ ਲਿਆ ਗਿਆ ਹੈ। ਇਹ ਯੋਜਨਾ 1381 ਕਰੋੜ ਦੀ ਹੈ।

## ਔਰਤ ਨੇ ਪਤੀ ਤੋਂ ਤਲਾਕ ਲੈ ਕੇ ਕੁੱਤੇ ਨਾਲ ਵਿਆਹ ਕਰਵਾਇਆ

ਲੰਡਨ, 11 ਅਗਸਤ (ਪੋਸਟ ਬਿਊਰੋ)- ਕ੍ਰੋਏਸ਼ੀਆ ਵਿੱਚ ਇੱਕ ਦਿਲਚਸਪਕੇਸ ਸਾਹਮਣੇ ਆਇਆ ਹੈ। ਇੱਥੇ ਰਹਿਣ ਵਾਲੀ ਇੱਕ ਔਰਤ ਨੇ ਪਤੀ ਤੋਂ ਤਲਾਕ ਲੈ ਕੇ ਦੂਸਰਾ ਵਿਆਹ ਕਰ ਲਿਆ ਹੈ। ਤੁਸੀਂ ਸੋਚ ਰਹੇ ਹੋਵੋਗੇ ਕਿ ਆਖਰ ਇਸ ਵਿੱਚ ਹੈਰਾਨੀ ਵਾਲੀ ਕੀ ਗੱਲ ਹੈ। ਗੱਲ ਇਹ ਹੈ ਕਿ ਔਰਤ ਨੇ ਤਲਾਕ ਤੋਂ ਬਾਅਦ ਵਿਆਹ ਕਿਸੇ ਇਨਸਾਨ ਨਾਲ ਨਹੀਂ, ਸਗੋਂ ਆਪਣੇ ਕੁੱਤੇ ਨਾਲ ਕੀਤਾ ਹੈ।ਇਸ ਅਜੀਬੋਗਰੀਬ ਵਿਆਹ ਨੂੰ ਧੂਮਧਾਮ ਨਾਲ ਨਿਭਾਇਆ ਕੀਤਾ ਗਿਆ ਅਤੇ ਖਾਸ ਗੱਲ ਇਹ ਹੈ ਕਿ ਇਸ ਵਿਆਹ ਵਿੱਚ ਲੱਗਭਗ 200 ਲੋਕਾਂ ਨੇ ਹਿੱਸਾ ਲਿਆ।

47 ਸਾਲ ਦੀ ਅਮਾਂਡਾ ਰੋਜਰਸ ਦਾ ਕਹਿਣਾ ਹੈ ਕਿ ਉਹ ਕੁੱਤੇ ਨਾਲ ਵਿਆਹ ਕਰ ਕੇ ਬੇਹੱਦ ਖੁਸ਼ ਹਨ। ਉਸ ਨੇ ਦੱਸਿਆ ਕਿ ਜੀਵਨਸਾਥੀ ਵਿੱਚ ਉਨ੍ਹਾਂ ਨੂੰ ਜੋ ਚਾਹੀਦਾ ਸੀ, ਉਹ ਸ਼ੀਬਾ (ਕੁੱਤੇ) ਵਿੱਚ ਮਿਲਿਆ ਹੈ।ਮੀਡੀਆ ਰਿਪੋਰਟਾਂ ਮੁਤਾਬਕ ਤਲਾਕ ਤੋਂ ਬਾਅਦ ਅਮਾਂਡਾ ਰੋਜਰਸ ਕਈ ਮਹੀਨੇ ਸਿੰਗਲ ਰਹੀ। ਅੱਜਕੱਲ੍ਹ ਉਹ ਨਵੇਂ ਪਾਰਟਨਰ ਸ਼ੀਬਾ ਨਾਲ ਬੇਹੱਦ ਖੁਸ਼ ਹੈ। ਅਮਾਂਡਾ ਨੇ ਕਿਹਾ ਕਿ ਉਹ ਮੇਰੀ ਜ਼ਿੰਦਗੀ ਦਾ ਅਹਿਮ ਹਿੱਸਾ ਹੇ। ਉਹ ਮੈਨੂੰ ਹਸਾਉਂਦਾ ਹੈ, ਮੈਨੂੰ ਖੁਸ਼ ਰੱਖਦਾ ਹੈ ਅਤੇ ਜਦੋਂ ਮੈਂ ਪ੍ਰੇਸ਼ਾਨ ਹੁੰਦੀ ਹਾਂ ਤਾਂ ਮੈਨੂੰ ਪਿਆਰ ਵੀ ਦਿੰਦਾ ਹੈ।

ਰਾਜਸਥਾਨ ਵਿੱਚ ਪਹਿਲਾਂ ਕੇਸ:

# ਪਤਨੀ 70 ਸਾਲ ਦੀ, ਪਤੀ 75 ਦਾ, ਬੇਟੇ ਨੂੰ ਜਨਮ ਦਿੱਤਾ



ਅਲਵਰ, 11 ਅਗਸਤ (ਪੋਸਟ ਬਿਊਰੋ)- ਕੱਲ੍ਹ 70 ਸਾਲ ਤੋਂਵੱਧ ਉਮਰ ਦੇ ਬਜ਼ੁਰਗ ਜੋੜੇ ਦੇ ਘਰ ਕਿਲਕਾਰੀ ਗੂੰਜੀ। ਮਾਂ ਦੀ ਉਮਰ 70 ਸਾਲ ਅਤੇ ਪਿਤਾ ਦੀ ਉਮਰ 75 ਸਾਲ ਹੈ।

ਸ਼ਾਦੀ ਦੇ ਕਰੀਬ 54 ਸਾਲ ਬਾਅਦ ਦੋਨਾਂ ਨੂੰ ਪਹਿਲੀ ਸੰਤਾਨ ਹੋਈ ਹੈ। ਡਾਕਟਰ ਦਾ ਦਾਅਵਾ ਹੈ ਕਿ ਰਾਜਸਥਾਨ ਵਿੱਚ ਇਹ ਇਕੱਲਾ ਕੇਸ ਹੈ ਕਿ ਇੰਨੀ ਉਮਰ ਦੀ ਮਹਿਲਾ ਨੇ ਬੇਟੇ ਨੂੰ ਜਨਮ ਦਿੱਤਾ ਹੈ। ਆਈ ਵੀ ਐਫ ਤਕਨੀਕ ਨਾਲ ਦੁਨੀਆ ਵਿੱਚ ਪਹਿਲਾਂ ਵੀ ਕਈ ਬਜ਼ੁਰਗ ਜੋੜੇ 70-75 ਸਾਲ ਦੀ ਉਮਰ ਦੇ ਮਾਤਾ-ਪਿਤਾ ਬਣ ਚੁੱਕੇ ਹਨ। ਬੰਗਲਾਦੇਸ਼ ਦੇ ਯੁੱਧ ਵਿੱਚ ਝੁੰਝੁਨੂ ਦੇ ਨੁਹਨੀਆ ਪਿੰਡ ਦੇ ਸਾਬਕਾ ਸੈਨਿਕ ਗੋਪੀਚੰਦ ਨੂੰ ਪੈਰ ਵਿੱਚ ਗੋਲੀ ਲੱਗੀ ਸੀ। ਦੋਨਾਂ ਨੂੰ ਸੰਤਾਨ ਨਹੀਂ ਸੀ। ਗੋਪੀਚੰਦ ਦਾ ਕਹਿਣਾ ਹੈ ਕਿ ਪਹਿਲੀ ਸੰਤਾਨ ਦੀ ਖੁਸ਼ੀ ਕਿੱਦਾਂ ਜ਼ਾਹਿਰ ਕਰਾਂ, ਪਤਾ ਨਹੀਂ।ਉਸ ਦਾ ਕਹਿਣਾ ਹੈ, ਉਹ ਦੁਨੀਆ ਵਿੱਚ ਸਭ ਦੇ ਬਰਾਬਰ ਹੋ ਗਏ।ਕੁਣਬਾ ਅੱਗੇ ਵਧ ਸਕੇਗਾ। ਚੰਦਰਵਤੀ ਦੀਆਂ ਅੱਖਾਂ ਤੋਂ ਵਾਰ-ਵਾਰ ਖੁਸ਼ੀ ਦੇ ਅੱਥਰੂ ਨਿਕਲਦੇ ਹਨ। ਆਈ ਵੀ ਐਫ (ਇਨ੍ਹਾਂ ਵਿਟ੍ਰੋ ਫਟਿਰਲਾਇਜ਼ੇਸ਼ਨ) ਐਕਸਪਰਟ ਡਾ. ਪੰਕਜ ਗੁਪਤਾ ਕਹਿੰਦੇ ਹਨ, ਦੇਸ਼ ਵਿੱਚ ਇਸ ਉਮਰ ਵਿੱਚ ਬੱਚੇ ਪੈਦਾ ਹੋਣ ਦੇ ਗਿਣੇ-ਚੁਣੇ ਹੀ ਕੇਸ ਹਨ।ਰਾਜਸਥਾਨ ਦਾ ਸ਼ਾਇਦ ਇਹ ਪਹਿਲਾਂ ਕੇਸ ਹੈ, ਜਦੋਂ 75 ਸਾਲ ਦੇ ਪੁਰਸ਼ ਅਤੇ 70 ਸਾਲ ਦੀ ਮਹਿਲਾ ਨੂੰ ਸੰਤਾਨ ਪ੍ਰਾਪਤ ਹੋਈ ਹੈ।

# ਗ੍ਰੰਥੀ ਨਾਲ ਧੋਖਾਦੇਹੀ ਕਰਨ ਵਾਲਾ ਵਿਅਕਤੀ ਗ੍ਰਿਫ਼ਤਾਰ

* ਅਮਰੀਕਾ ਵਿੱਚ ਕੀਰਤਨ ਕਰਾਉਣ ਬਹਾਨੇ ਇੱਕ ਲੱਖ ਤੋਂ ਵੱਧ ਠੱਗੇ

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਇੱਕ ਗ੍ਰੰਥੀ ਨੂੰ ਅਮਰੀਕਾ ਵਿੱਚ ਕੀਰਤਨ ਦਾ ਮੌਕਾ ਦੁਆਉਣ ਦੇ ਬਹਾਨੇ ਇੱਕ ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰਨ ਦਾ ਦੋਸ਼ੀ 51 ਸਾਲ ਦਾ ਵਿਅਕਤੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕੱਲ੍ਹ ਦੱਸਿਆ ਕਿ ਦੋਸ਼ੀ ਦੀ ਪਛਾਣ ਮੱਧ ਪ੍ਰਦੇਸ਼ ਦੇ ਇੰਦੌਰ ਦੇ ਵਸਨੀਕ ਸੰਜੇ ਯਾਦਵ ਵਜੋਂ ਹੋਈ ਹੈ। ਉਹ ਪਹਿਲਾਂ ਵੀ ਦਿੱਲੀ ਤੇ ਮੁੰਬਈ ਵਿੱਚ ਧੋਖਾਦੇਹੀ ਦੇ ਦੋ ਕੇਸਾਂ ਵਿੱਚ ਲੋੜੀਂਦਾ ਸੀ।ਦਿੱਲੀ ਦੇ ਇੱਕ ਗੁਰਦੁਆਰੇ ਦੇ ਹੈਡ ਗ੍ਰੰਥੀ ਬਲਦੇਵ ਸਿੰਘ ਤੋਂ ਪੁਲਸ ਨੂੰ ਸ਼ਿਕਾਇਤ ਮਿਲੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਇੱਕ ਵਿਅਕਤੀ ਨੇ ਉਨ੍ਹਾਂ ਨਾਲ ਵ੍ਹਟਸਐਪ ਉੱਤੇ ਸੰਪਰਕ ਕੀਤਾ ਅਤੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਵਿਆਹਾਂ ਅਤੇ ਸਮਾਗਮਾਂ ਵਿੱਚ ਕੀਰਤਨ ਕਰਨ ਲਈ



ਮੌਕਾ ਦੇਣ ਦੀ ਗੱਲ ਕਹੀ। ਉਨ੍ਹਾਂ ਦੋਸ਼ੀ ਵੱਲੋਂ ਦਿੱਤੇ ਬੈਂਕ ਖਾਤੇ ਵਿੱਚ 1.25 ਲੱਖ ਰੁਪਏ ਭੇਜ ਦਿੱਤੇ।ਪੁਲਸ ਨੇ ਦੱਸਿਆ ਕਿ ਸ਼ਿਕਾਇਤਕਰਤਾ ਨਾਲ ਵੀਜ਼ਾ ਫੀਸ ਅਤੇ ਕਰੰਸੀ ਐਕਸਚੇਂਜ ਦੇ ਨਾਂ ਉੱਤੇ ਵੀ ਠੱਗੀ ਮਾਰੀ ਗਈ। ਕਾਲ ਡਿਟੇਲ ਅਤੇ ਪੈਸਿਆਂ ਦੇ ਲੈਣ-ਦੇਣ ਦੇ ਤਕਨੀਕੀ ਵਿਸ਼ਲੇਸ਼ਣ ਤੋਂ ਪਤਾ ਲੱਗਾ ਕਿ ਦੋਸ਼ੀ ਇੰਦੌਰ ਵਿੱਚ ਵੱਖ-ਵੱਖ ਥਾਵਾਂ ਤੋਂ ਕੰਮ ਕਰਦਾ ਸੀ। ਪੁਲਸ ਦੇ ਡਿਪਟੀ ਕਮਿਸ਼ਨਰ (ਉਤਰੀ) ਸਾਗਰ ਸਿੰਘ ਕਲਸੀ ਨੇ ਕਿਹਾ ਕਿ ਇੰਦੌਰ ਵਿੱਚ ਛਾਪੇਮਾਰੀ ਕੀਤੀ ਅਤੇ ਯਾਦਵ ਨੂੰ ਕੱਲ੍ਹ ਗ੍ਰਿਫ਼ਤਾਰ ਕਰ ਲਿਆ ਹੈ। ਯਾਦਵ ਨੇ ਪੀੜਤ ਨਾਲ ਸੰਪਰਕ ਕਰਨ ਅਤੇ ਰਕਮ ਟ੍ਰਾਂਸਫਰ ਕਰਨ ਲਈ ਆਪਣੇ ਪੁੱਤਰ ਦੇ ਸਿਮ ਕਾਰਡ ਅਤੇ ਬੈਂਕ ਖਾਤਿਆਂ ਦੀ ਵਰਤੋਂ ਕੀਤੀ। ਉਸ ਕੋਲੋਂ 10 ਮੋਬਾਈਲ ਫ਼ੋਨ, 11 ਡੈਬਿਟ ਕਾਰਡ ਅਤੇ ਇੱਕ ਆਧਾਰ ਕਾਰਡ ਬਰਾਮਦ ਹੋਇਆ ਹੈ।

## ਭਾਰਤੀ ਕੰਪਨੀ ਨੇ 110 ਸਾਲ ਪੁਰਾਣੀ ਅਮਰੀਕੀ ਫਰਮ ਸ਼ੀਫਰ ਖਰੀਦ ਲਈ

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਬੇਂਗਲੁਰੂ ਦੀ ਕੰਪਨੀ 'ਵਿਲੀਅਮ ਪੈਨ' ਲਗਜ਼ਰੀ ਪੈਨ ਬਿਜ਼ਨੈਸ ਦਾ ਇੱਕ ਜਾਣਿਆ-ਪਛਾਣਿਆ ਨਾਂ ਹੈ। ਨਿਖਿਲ ਰੰਜਕ ਦੀ ਇਸ ਭਾਰਤੀ ਕੰਪਨੀ ਨੇ 110 ਸਾਲ ਪੁਰਾਣੀ ਆਈਕਾਨਿਕ ਅਮਰੀਕੀ ਫਰਮ ਸ਼ੀਫਰ ਨੂੰ ਖਰੀਦ ਲਿਆ ਹੈ। ਇਸ ਸੌਦੇ ਦੀ ਰਕਮ ਦਾ ਖੁਲਾਸਾ ਨਹੀਂ ਹੋਇਆ।

ਸ਼ੀਫਰ ਲਗਜ਼ਰੀ ਪੈਨ ਬਣਾਉਣ ਵਿੱਚਕੰਮ ਆਉਂਦੀਆਂ ਚੀਜ਼ਾਂ ਦੀ ਮੈਨੂਫੈਕਚਰਿੰਗ ਕਰਦੀ ਹੈ। ਇਸ ਸੌਦੇ ਨਾਲ ਭਾਰਤੀ ਕੰਪਨੀ ਇੱਕ ਖਾਸ ਤਰ੍ਹਾਂ ਦੇ ਕੁਣਬੇ ਵਿੱਚਆ ਗਈ,ਜੋ ਉਨ੍ਹਾਂ ਭਾਰਤੀ ਕੰਪਨੀਆਂ ਦਾ ਹੈ ਜਿਨ੍ਹਾਂ ਨੇ ਵੱਡੇ ਵਿਦੇਸ਼ੀ ਬ੍ਰਾਂਡ ਖਰੀਦਿਆ ਹੈ।ਸ਼ੀਫਰ ਦਾ ਕਾਰੋਬਾਰ ਅਮਰੀਕਾ, ਬ੍ਰਿਟੇਨ, ਮੈਕਸੀਕੋ, ਮਲੇਸ਼ੀਆ, ਥਾਈਲੈਂਡ, ਦੱਖਣੀ ਅਫਰੀਕਾ, ਜਾਪਾਨ ਤੇ ਭਾਰਤ ਸਣੇ ਦੁਨੀਆ ਦੇ 75 ਦੇਸ਼ਾਂ ਵਿੱਚ ਹੈ। ਵਿਲੀਅਮ ਪੈਨ ਸ਼ੀਫਰ ਦੇ ਸਾਰੇ ਮੈਨੂਫੈਕਚਰਿੰਗ, ਮਾਰਕੀਟਿੰਗ ਅਤੇ ਰਿਟੇਲਿੰਗ ਕਾਰੋਬਾਰ ਦੀ ਪ੍ਰਾਪਤੀ ਕਰੇਗੀ। ਭਾਰਤੀ ਕੰਪਨੀ ਨੇ ਰਾਈਟਿੰਗ ਇੰਸਟਰੂਮੈਂਟ ਦੇ ਡਿਸਟ੍ਰੀਬਿਊਟਰ ਅਤੇ ਰਿਟੇਲਰ ਦੇ ਤੌਰ ਉੱਤੇ ਕਾਰੋਬਾਰ ਸ਼ੁਰੂ ਕੀਤਾ ਸੀ। ਏ ਟੀ ਕ੍ਰਾਸ ਕੰਪਨੀ ਤੋਂ ਸ਼ੀਫਰ ਨੂੰ ਖਰੀਦਣ ਦਾ ਸੌਦਾ ਵਿਲੀਅਮ ਪੈਨ ਨੂੰ ਇੱਕ ਵੱਖਰੇ ਮੁਕਾਮ ਉੱਤੇ ਪਹੁੰਚਾ ਦੇਵੇਗਾ। ਇਸ ਸੌਦੇ ਵਿੱਚ ਸ਼ੀਫਰ ਬ੍ਰਾਂਡ ਦੇ ਸਾਰੇ ਪ੍ਰੋਡਕਟਾਂ ਦਾ ਪੂਰਾ ਪੋਰਟਫੋਲੀਓ ਸ਼ਾਮਲ ਹੈ। ਇਨ੍ਹਾਂ ਵਿੱਚ ਪ੍ਰੀਮੀਅਮ ਪੈਨ, ਜਨਰਲ, ਗਿਫਟ ਸੈਟ ਅਤੇ ਲਾਈਸੈਂਸ ਵੀ ਹਨ।ਵਿਲੀਅਮ ਪੈਨ ਦੇ ਸੰਸਥਾਪਕ ਅਤੇ ਐਮ ਡੀ ਨਿਖਿਲ ਰੰਜਨ ਨੇ ਕਿਹਾ ਕਿ ਸ਼ੀਫਰ ਦਾ ਸੌਦਾ ਕਈ ਤਰ੍ਹਾਂ ਅਹਿਮ ਹੈ। ਇਸ ਨਾਲ ਕੰਪਨੀ ਨੂੰ ਪੇਸ਼ਕਸ਼ ਨੂੰ ਵਧਾਉਣ ਦਾ ਮੌਕਾ ਮਿਲੇਗਾ। ਭਾਰਤੀ ਗਾਹਕਾਂ ਸਮੇਤ ਵਿਦੇਸ਼ੀ ਗਾਹਕਾਂ ਲਈ ਕੰਪਨੀ ਪ੍ਰੋਡਕਟਾਂ ਦੀ ਵਿਆਪਕ ਰੇਂਜ ਪੇਸ਼ਕਰ ਸਕੇਗੀ। ਪ੍ਰੀਮੀਅਮ ਪੈਨ ਦੇ ਕਾਰੋਬਾਰ ਵਿੱਚ ਅਮਰੀਕੀ ਬ੍ਰਾਂਡ ਦੀ ਹਿੱਸੇਦਾਰੀ 15 ਫੀਸਦੀ ਹੈ। ਇਨ੍ਹਾਂ ਵਿੱਚ ਉਹ ਪੈਨ ਆਉਂਦੇ ਹਨ, ਜਿਨ੍ਹਾਂ ਦੀ ਕੀਮਤ 10 ਡਾਲਰ ਯਾਨੀ 790 ਰੁਪਏ ਤੋਂ ਵੱਧ ਹੈ। ਨਿਖਿਲ ਰੰਜਨ ਨੂੰ ਉਮੀਦ ਹੈ ਕਿ ਉਹ ਸ਼ੀਫਰ ਲਈ ਭਾਰਤ ਨੂੰ ਸਭ ਤੋਂ ਵੱਡਾ ਬਾਜ਼ਾਰ ਬਣਾ ਦੇਣਗੇ। ਇਸ ਸੌਦੇ ਤੋਂ ਬਾਅਦ ਉਸ ਦੇ ਸਾਲਾਨਾ ਕਾਰੋਬਾਰ ਵਿੱਚ 30 ਫੀਸਦੀ ਜਾ ਵਾਧਾ ਹੋਣ ਦੇ ਆਸਾਰ ਹਨ। ਹਾਲੇ ਕੰਪਨੀ ਦਾ ਮਾਲੀਆ ਕਰੀਬ 100 ਕਰੋੜ ਰੁਪਏ ਦਾ ਹੈ।

# ਸਿਮਨਸ ਨੇ ਕਿਹਾ, ਅਸੀਂ ਖ਼ਿਡਾਰੀਆਂ ਤੋਂ ਭੀਖ ਨਹੀਂ ਮੰਗ ਸਕਦੇ ਕਿ ਵਿੰਡੀਜ਼ ਵੱਲੋਂ ਖੇਡਣ

ਪੋਰਟ ਆਫ ਸਪੇਨ, 11 ਅਗਸਤ (ਪੋਸਟ ਬਿਊਰੋ)- ਟੀ-20 ਵਿਸ਼ਵ ਕੱਪ ਲਈ ਵੈਸਟਇੰਡੀਜ਼ ਟੀਮ ਮੈਨੇਜਮੈਂਟ ਕੋਲ ਅਜੇ ਵੀ ਪ੍ਰਮੁੱਖ ਖਿਡਾਰੀਆਂ ਦੀ ਮੌਜੂਦਗੀ ਬਾਰੇ ਸਪੱਸ਼ਟਤਾ ਨਹੀਂ ਹੈ। ਆਂਦ੍ਰੇ ਰਸੇਲ ਨੇ ਖੁਦ ਨੂੰ ਚੋਣ ਲਈ ਹਾਜ਼ਰ ਨਹੀਂ ਕੀਤਾ ਹੈ। ਸੁਨੀਲ ਨਾਰਾਇਣ ਦੀ ਹਾਜ਼ਰੀ ਵੀ ਥੋੜ੍ਹੀ ਸ਼ੱਕੀ ਹੈ। ਐਵਿਨ ਲੂਈਸ ਤੇ ਓਸ਼ੇਨ ਥਾਮਸ ਆਪਣੇ ਫਿਟਨੈਸ ਟੈਸਟ ਲਈ ਹਾਜ਼ਰ ਨਹੀਂ ਹੋਏ। ਸ਼ੈਲਡਨ ਕੋਟਰੈਲ, ਫੇਬੀਅਨ ਐਲਨ ਅਤੇ ਰੋਸਟਨ ਚੇਜ਼ ਜ਼ਖਮੀ ਹੋਣ ਕਾਰਨ ਟੀਮ ਤੋਂ ਬਾਹਰ ਹਨ। ਨਤੀਜੇ ਵਜੋਂ ਪੁਰਸ਼ਾਂ ਦੇ ਟੀ-20 ਵਿਸ਼ਵ ਕੱਪ ਤੋਂ ਲੱਗਭਗ ਦੋ ਮਹੀਨੇ ਪਹਿਲਾਂ ਵੈਸਟਇੰਡੀਜ਼ ਆਪਣੀ ਸਰਵਸ੍ਰੇਸ਼ਠ ਟੀਮ ਚੁਣਨ ਵਿੱਚ ਅਜੇ ਵੀ ਪੂਰੀ ਤਰ੍ਹਾਂ ਨਾਲ ਸਮਰਥ ਨਹੀਂ ਹੈ।

ਨਿਊਜ਼ੀਲੈਂਡ ਵਿਰੁੱਧ ਤਿੰਨ ਟੀ-20 ਮੈਚਾਂ ਦੀ ਸੀਰੀਜ਼ ਹੋਣੀ ਹੈ ਅਤੇ ਟੀਮ ਮੈਨੇਜਮੈਂਟ ਕੋਲ ਕੌਮਾਂਤਰੀ ਪੱਧਰ ਦੇ ਖ਼ਿਡਾਰੀਆਂ ਦਾ ਮੁਲਾਂਕਣ ਕਰਨ ਲਈ ਆਖਰੀ ਮੌਕਾ ਹੈ। ਇਸ ਸੀਰੀਜ਼ ਤੋਂ ਬਾਅਦ ਸੀ ਪੀ ਐਲ ਸ਼ੁਰੂ ਹੋ ਜਾਵੇਗੀ। ਮੁੱਖ ਚੋਣਕਾਰ ਡੇਸਮੰਡ



ਹੈਂਸ ਅਤੇ ਮੁੱਖ ਕੋਚ ਫਿਲ ਸਿਮਨਸ ਇਸ ਘਟਨਾਕ੍ਰਮ ਤੋਂ ਕਾਫੀ ਨਿਰਾਸ਼ ਹਨ। ਮਿਸਾਲ ਲਈ ਰਸੇਲ 2021 ਟੀ-20 ਵਿਸ਼ਵ ਕੱਪ ਮਗਰੋਂ ਵੈਸਟਇੰਡੀਜ਼ ਲਈ ਨਹੀਂ ਖੇਡਿਆ। ਉਹ ਅੱਜਕੱਲ੍ਹ ਨਾਰਾਇਣ ਨਾਲ ਹੰਡ੍ਰੇਡ ਖੇਡ ਰਿਹਾ ਹੈ। ਉਸ ਨੇ ਭਾਰਤ ਅਤੇ ਨਿਊਜ਼ੀਲੈਂਡ ਵਿਰੁੱਧ ਹੋਣ ਵਾਲੀ ਸੀਰੀਜ਼ ਵਿੱਚ ਹਿੱਸਾ ਨਹੀਂ ਲਿਆ। ਕੁਝ ਦਿਨ ਪਹਿਲਾਂ ਰਸੇਲ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਦੀ ਇੰਟਰਨੈਸ਼ਨਲ ਟੀ-20 ਲੀਗ ਦੇ ਵਿਦੇਸ਼ੀ ਖਿਡਾਰੀਆਂ ਦੀ ਸੂਚੀ ਦਾ ਹਿੱਸਾ ਸੀ, ਜਿਹੜੀ ਅਗਲੇ ਸਾਲ ਜਨਵਰੀ ਵਿੱਚ ਸ਼ੁਰੂ ਹੋਵੇਗੀ।

ਹੈਂਸ ਨੇ ਰਸੇਲ ਦੇ ਬਾਰੇ ਕਿਹਾ,‘‘ਜਿੰਨੀ ਜਾਣਕਾਰੀ ਮੇਰੇ ਕੋਲ ਹੈ, ਉਸ ਤੋਂ ਮੈਨੂੰ ਲੱਗਦਾ ਹੈ ਕਿ ਉਹ ਟੀਮ ਵਿੱਚ ਨਹੀਂ ਹੈ, ਕਿਉਂਕਿ ਉਸ ਨੇ ਖੁਦ ਨੂੰ ਚੋਣ ਲਈ ਪੇਸ਼ ਨਹੀਂ ਕੀਤਾ।''ਉਸ ਨੇ ਕਿਹਾ,‘ਜੇ ਖਿਡਾਰੀ ਵੈਸਟਇੰਡੀਜ਼ ਲਈ ਖੇਡਣਾ ਚਾਹੁੰਦਾ ਹੈ ਤਾਂ ਇਸ ਨਾਲ ਮੈਨੂੰ ਖ਼ੁਸ਼ੀ ਹੋਵੇਗੀ। ਮੈਂ ਇਹ ਤੈਅ ਕਰਨਾ ਪਸੰਦ ਕਰਾਂਗਾ ਕਿ ਸਾਰੇ ਲੋਕ ਖੇਡਣ ਲਈ ਖੁਦ ਨੂੰ ਪੇਸ਼ ਕਰਨ, ਪਰ ਤੁਹਾਨੂੰ ਸਮਝਣਾ ਪਵੇਗਾ ਕਿ ਖਿਡਾਰੀਆਂ ਕੋਲ ਬਦਲ ਹੈ ਤੇ ਜੇ ਉਹ ਵੈਸਟਇੰਡੀਜ਼ ਟੀਮ ਵੱਲੋਂ ਖੇਡਣ ਦੀ ਥਾਂ ਆਪਣੀ ਫ੍ਰੈਂਚਾਈਜ਼ੀ ਟੀਮ ਵਿੱਚ ਖੇਡਣਾ ਪਸੰਦ ਕਰਦੇ ਹਨ ਤਾਂ ਸਾਨੂੰ ਇਸ ਉੱਤੇ ਵਿਚਾਰ ਕਰਨਾ ਪਵੇਗਾ ਕਿ ਸਾਡੇ ਲਈ ਕੌਣ ਹੈ।''ਸਿਮਨਸ ਨੇ ਥੋੜ੍ਹੀ ਤਿੱਖੀ ਟਿੱਪਣੀ ਕੀਤੀ ਤੇ ਕਿਹਾ,‘‘ਏਦਾਂ ਗੱਲ ਕਰਦੇ ਹੋਏ ਤੇ ਇਸ ਹਾਲਾਤ ਨੂੰ ਦੇਖ ਕੇ ਦੁੱਖ ਹੁੰਦਾ ਹੈ। ਇਸ ਬਾਰੇ ਦੱਸਣ ਦਾ ਕੋਈ ਦੂਜਾ ਤਰੀਕਾ ਨਹੀਂ, ਪਰ ਤੁਸੀਂ ਕੀ ਕਰ ਸਕਦੇ ਹੋ? ਮੈਨੂੰ ਨਹੀਂ ਲੱਗਦਾ ਕਿ ਮੈਨੂੰ ਖਿਡਾਰੀਆਂ ਨੂੰ ਆਪਣੇ ਦੇਸ਼ ਦੀ ਟੀਮ ਵੱਲੋਂ ਖੇਡਣ ਲਈ ਭੀਖ ਮੰਗਣੀ ਚਾਹੀਦੀ ਹੈ। ਮੈਨੂੰ ਲੱਗਦਾ ਹੈ ਕਿ ਜੇਕਰ ਤੁਸੀਂ ਵੈਸਟਇੰਡੀਜ਼ ਦੀ ਪ੍ਰਤੀਨਿਧਤਾ ਚਾਹੁੰਦੇ ਹੋ ਤਾਂ ਤੁਹਾਨੂੰ ਖੁਦ ਨੂੰ ਪੇਸ਼ ਕਰਨਾ ਪਵੇਗਾ।''

# ਜੰਗੀ ਐਕਸਰਸਾਈਜ਼ ਮੁੱਕਣ ਪਿੱਛੋਂ ਚੀਨ ਨੇ ਨਵੀਂ ਧਮਕੀ ਦੇ ਮਾਰੀ

### * ਫ਼ੌਜੀ ਤਾਕਤ ਨਾਲ ਤਾਈਵਾਨ ਨੂੰ ਮਿਲਾਉਣ ਦਾ ਦਬਕਾ

ਤਾਈਪੇਈ, 11 ਅਗਸਤ (ਪੋਸਟ ਬਿਊਰੋ)- ਤਾਈਵਾਨ ਸਰਹੱਦ ਉੱਤੇ ਹਮਲਾਵਰ ਜੰਗੀ ਐਕਸਰਸਾਈਜ਼ ਕਰ ਚੁੱਕਣ ਦੇ ਇੱਕ ਹਫ਼ਤੇ ਬਾਅਦ ਚੀਨ ਨੇ ਨਵੀਂ ਧਮਕੀ ਦੇ ਮਾਰੀ ਹੈ। ਉਸ ਨੇ ਕਿਹਾ ਹੈ ਕਿ ਤਾਈਵਾਨ ਨੂੰ ਆਪਣੇ ਨਾਲ ਜੋੜਨ ਲਈ ਉਸ ਦਾ ਫ਼ੌਜੀ ਤਾਕਤ ਦੀ ਵਰਤੋਂ ਕਰਨ ਦਾ ਬਦਲ ਖੁੱਲ੍ਹਾ ਹੈ।



ਕੱਲ੍ਹ ਚੀਨ ਨੇ ਸਵੈ-ਖੁਦਮੁਖਤਾਰ ਤਾਈਵਾਨ ਨੂੰ ਆਪਣੇ ਕੰਟਰੋਲ ਵਿੱਚ ਲਿਆਉਣ ਲਈ ਫ਼ੌਜੀ ਤਾਕਤ ਦੀ ਵਰਤੋਂ ਦੀ ਆਪਣੀ ਧਮਕੀ ਦੇ ਦਿੱਤੀ, ਜਦੋਂ ਦੋਵਾਂ ਵਿਚਾਲੇ ਤਣਾਅ ਸਭ ਤੋਂ ਉਚੇ ਪੱਧਰ ਉੱਤੇ ਬਣਿਆ ਹੋਇਆ ਹੈ।ਅਮਰੀਕੀ ਪਾਰਲੀਮੈਂਟ ਦੀ ਸਪੀਕਰ ਨੈਨਸੀ ਪੇਲੋਸੀ ਦੇ ਤਾਈਵਾਨ ਦੌਰੇ ਪਿੱਛੋਂ ਚੀਨ ਨੇ ਖੁੱਲ੍ਹ ਕੇ ਧਮਕੀ ਦਿੱਤੀ ਸੀ ਤੇ ਇਸੇ ਤਹਿਤ ਉਸ ਨੇ ਹਮਲਾਵਰ ਜੰਗੀ ਐਕਸਰਸਾਈਜ਼ ਕੀਤਾ ਸੀ। ਚੀਨੀ ਨੇ ਕਿਹਾ ਹੈ ਕਿ ਬੀਜਿੰਗ ਤਾਈਵਾਨ ਨਾਲ ਸ਼ਾਂਤੀਪੂਰਨ ਮੁੜ ਏਕਤਾ ਚਾਹੁੰਦਾ ਹੈ, ਪਰ ਫੌਜੀ ਤਾਕਤ ਦੀ ਵਰਤੋਂ ਨਾ ਕਰਨ ਦਾ ਵਾਅਦਾ ਨਹੀਂ ਕਰਦਾ, ਉਸ ਕੋਲ ਤਾਈਵਾਨ ਨੂੰ ਸ਼ਾਮਲ ਕਰਨ ਲਈ ਸਾਰੇ ਜ਼ਰੂਰੀ ਬਦਲ ਕਾਇਮ ਹਨ।ਈਸਟਰਨ ਥੀਏਟਰ ਕਮਾਂਡ ਦੇ ਬੁਲਾਰੇ ਸੀਨੀਅਰ ਕਰਨਲ ਜੀ ਯੀ ਦੇ ਹਵਾਲੇ ਨਾਲ ਕਿਹਾ ਗਿਆ ਕਿ ਪੀ ਐਲ ਏ ਦੀ ਯੂ ਐਸ ਥੀਏਟਰ ਕਮਾਂਡ ਤਾਈਵਾਨ ਸਟੇਟ ਵਿੱਚ ਬਦਲ ਰਹੀ ਸਥਿਤੀ ਦੀ ਨੇੜਿਓਂ ਨਿਗਰਾਨੀ ਕਰੇਗੀ ਅਤੇ ਸਿਖਲਾਈ ਤੇ ਲੜਾਈ ਦੀ ਤਿਆਰੀ ਕਰਵਾਏਗੀ, ਬਾਕ-ਾਇਦਾ ਲੜਾਕੂ ਤਿਆਰੀ ਨਾਲ ਪੁਲਸ ਗਸ਼ਤ ਕਰੇਗੀ ਅਤੇ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦਾ ਜ਼ੋਰਦਾਰ ਬਚਾਅ ਕਰੇਗੀ। ਚੀਨ ਦੇ ਰੱਖਿਆ ਮੰਤਰਾਲਾ ਨੇ ਕਿਹਾ ਕਿ ਇਹ ਤਾਈਵਾਨ ਪ੍ਰਸ਼ਾਸਨ ਨੇ ਫੈਸਲਾ ਕਰਨਾ ਹੈ ਕਿ ਕੀ ਸਹੀ ਹੈ ਅਤੇ ਕਿੱਥੇ ਜਾਣਾ ਹੈ।

# ਖੰਡ ਮਿੱਲ ਬਕਾਏ ਮਾਮਲੇ ਵਿੱਚ ਪੰਜਾਬ ਦੇ ਅਫ਼ਸਰਾਂ ਨੇ ਸਹਿਯੋਗ ਨਹੀਂ ਦਿੱਤਾ: ਸੰਧਰ

ਲੰਡਨ, 11 ਅਗਸਤ (ਪੋਸਟ ਬਿਊਰੋ)- ਫਗਵਾੜਾ ਖੰਡ ਮਿੱਲ ਬਾਰੇ ਚੱਲਦੇ ਵਿਵਾਦ ਦੇ ਸਬੰਧ ਵਿੱਚ ਯੂ ਕੇ ਵਿੱਚੋਂ ਮਿੱਲ ਦੇ ਚੇਅਰਮੈਨ ਸੁਖਬੀਰ ਸਿੰਘ ਸੰਧਰ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਹੈ ਕਿ ਜੇ ਪੰਜਾਬ ਵਿੱਚ ਅਫ਼ਸਰਸ਼ਾਹੀ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਸਹਿਯੋਗ ਕਰਦੀ ਤਾਂ 40 ਕਰੋੜ ਰੁਪਏ ਦੀ ਰਕਮ ਕਿਸਾਨ ਭਰਾਵਾਂ ਦੇ ਖਾਤਿਆਂ ਵਿੱਚ ਹੋਣੀ ਸੀ। ਉਨ੍ਹਾਂ ਕਿਹਾ ਕਿ ਉਹ ਕਈ ਵਾਰ ਉਚ ਅਧਿਕਾਰੀਆਂ ਨੂੰ ਬੇਨਤੀ ਕਰ ਚੁੱਕੇ ਹਨ। ਉਨ੍ਹਾਂ ਦੀ ਹਰਿਆਣਾ ਦੇ ਪਿੰਡ ਭੂੰਨਾ ਦੀ ਜ਼ਮੀਨ ਦਾ ਸੌਦਾ ਹੋ ਚੁੱਕਾ ਹੈ, ਜਿਸ ਬਾਰੇ ਉਨ੍ਹਾਂ ਨੂੰ ਸਾਢੇ ਪੰਜ ਕਰੋੜ ਰੁਪਏ ਪੇਸ਼ਗੀ ਮਿੱਲੇ ਹਨ ਤੇ ਇਹ ਰਕਮ ਮਿੱਲ ਵੱਲੋਂ ਕਿਸਾਨਾਂ ਦੇ ਖਾਤਿਆਂ ਵਿੱਚ ਪਾ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਸ ਸਾਰੀ ਜ਼ਮੀਨ ਦਾ ਸੌਦਾ 29 ਕਰੋੜ ਦਾ ਸੀ ਜਿਸ ਦੀ ਬਕਾਇਆ ਰਕਮ ਕਰੀਬ 24 ਕਰੋੜ ਰੁਪਏ ਰਜਿਸਟਰੀ ਪਿੱਛੋਂ ਖਰੀਦਦਾਰ ਨੇ ਦੇਣੀ ਸੀ।

ਸੁਖਬੀਰ ਸਿੰਘ ਸੰਧਰ ਨੇ ਕਿਹਾ ਕਿਇਸ ਬਾਰੇ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਕਪੂਰਥਲਾ ਸਮੇਤ ਪੰਜਾਬ ਦੇ ਸਬੰਧਤ ਅਫ਼ਸਰਾਂ ਨੂੰ ਬੇਨਤੀਆਂ ਕੀਤੀਆਂ ਕਿ ਸਾਨੂੰ ਇਸ ਜ਼ਮੀਨ ਦਾ ਸੌਦਾ ਪੂਰਾ ਕਰਨ ਦਿਉ ਤਾਂ ਜ਼ਮੀਨ ਵੇਚ ਕੇ ਮਿਲੀ ਰਕਮ ਨਾਲ ਕਿਸਾਨਾਂ ਦੇ ਪੈਸੇ ਦੇਈਏ। ਸੰਧਰ ਨੇ ਕਿਹਾ ਕਿ ਇਸੇ ਤਰ੍ਹਾਂ ਕੋਰੋਨਾ ਮਹਾਮਾਰੀ ਬਾਰੇ ਉਨ੍ਹਾਂ ਨੇ ਬੈਂਕ ਤੋਂ 16 ਕਰੋੜ ਰੁਪਏ ਕਰਜ਼ਾ ਲਿਆ ਸੀ, ਪਰ ਉਦੋਂ ਡਿਪਟੀ ਕਮਿਸ਼ਨਰ ਨੇ ਇਹ ਰਕਮ ਸਿਰੇ ਨਹੀਂ ਚੜ੍ਹਨ ਦਿੱਤੀ। ਉਨ੍ਹਾਂ ਕਿਹਾ ਕਿ ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬਾਕ-ਾਇਦਾ ਈਮੇਲ ਰਾਹੀਂ ਹਕੀਕਤ ਦੱਸ ਕੇ ਬੇਨਤੀ ਕੀਤੀ ਕਿ ਉਹ ਅਫ਼ਸਰਸ਼ਾਹੀ ਨੂੰ ਮਿੱਲ ਪ੍ਰਬੰਧਕਾਂ ਨਾਲ ਸਹਿਯੋਗ ਕਰਨ ਨੂੰ ਕਹਿਣ ਤਾਂ ਜੋ ਕਰੋੜਾਂ ਰੁਪਏ ਦੀ ਰਕਮ ਕਿਸਾਨ ਭਰਾਵਾਂ ਦੇ ਖਾਤਿਆਂ ਵਿੱਚ ਪਾਈ ਜਾਵੇ। ਇੰਗਲੈਂਡ ਜਾਣ ਬਾਰੇ ਸੰਧਰ ਨੇ ਕਿਹਾ ਕਿ ਫਗਵਾੜਾ ਉਨ੍ਹਾਂ ਦੇ ਪੁਰਖਿਆਂ ਦੀ ਧਰਤੀ ਹੈ ਅਤੇ ਉਹ ਕਦੇ ਇਸ ਨੂੰ ਛੱਡ ਨਹੀਂ ਸਕਦੇ, ਆਪਣੇ ਇੰਗਲੈਂਡ ਰਹਿੰਦੇ ਪਰਵਾਰ ਕੋਲ ਆਉਂਦੇ ਜਾਂਦੇ ਰਹਿੰਦੇ ਹਨ।

# ਡੋਨਾਲਡ ਟਰੰਪ ਦੀ ਰਿਹਾਇਸ਼ ਉੱਤੇ ਐਫ ਬੀ ਆਈ ਵੱਲੋਂ ਛਾਪਾ

ਵਾਸ਼ਿੰਗਟਨ, 11 ਅਗਸਤ (ਪੋਸਟ ਬਿਊਰੋ)- ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ ਬੀ ਆਈ) ਨੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮਾਰ-ਏ-ਲਾਗੋ ਵਾਲੇਘਰ ਛਾਪਾ ਮਾਰਿਆ ਹੈ। ਇਹ ਜਾਣਕਾਰੀ ਦਿੰਦਿਆਂ ਡੋਨਾਲਡ ਟਰੰਪ ਨੇ ਕਿਹਾਕਿ ਐਫ ਬੀ ਆਈ ਦੇ ਏਜੰਟਾਂ ਨੇ ਉਨ੍ਹਾਂ ਦੀ ਤਿਜੋਰੀ ਤੱਲ ਵੀ ਤੋੜ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਮਲੇ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਹੀ ਹੁੰਦੇ ਹਨ।



ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਫਲੋਰੀਡਾ ਵਿੱਚ ਉਨ੍ਹਾਂ ਦੇ ਘਰ ਵਿੱਚ ਤਲਾਸ਼ੀ ਲਈ ਗਈ। ਇਹ ਸਾਡੇ ਦੇਸ਼ ਲਈ ਬੁਰਾ ਸਮਾਂ ਹੈ, ਕਿਉਂਕਿ ਫਲੋਰੀਡਾ ਦੇ ਪਾਮ ਬੀਚ ਵਿੱਚ ਮੇਰੇ ਖੂਬਸੂਰਤ ਘਰ ਮਾਰ-ਏ-ਲਾਗੋ ਦੀ ਐਫ ਬੀ ਆਈ ਦੇ ਏਜੰਟਾਂ ਦਐ ਵੱਡੇ ਗਰੁੱਪ ਨੇ ਘੇਰਾਬੰਦੀ ਕੀਤੀ, ਛਾਪੇ ਮਾਰੇ ਤੇ ਇਸ ਉੱਤੇ ਕਬਜ਼ਾ ਕਰ ਲਿਆ। ਇਸ ਤੋਂ ਪਹਿਲਾਂ ਅਮਰੀਕਾ ਦੇ ਕਿਸੇ ਵੀ ਸਾਬਕਾ ਰਾਸ਼ਟਰਪਤੀ ਨਾਲ ਅਜਿਹਾ ਨਹੀਂ ਹੋਇਆ।ਉਨ੍ਹਾਂ ਕਿਹਾ ਕਿ ਸਬੰਧਤ ਸਰਕਾਰੀ ਏਜੰਸੀਆਂ ਦੇ ਪੂਰੇ ਸਹਿਯੋਗ ਦੇ ਬਾਵਜੂਦ ਬਿਨ੍ਹਾਂ ਦੱਸੇ ਮੇਰੇ ਘਰ ਛਾਪਾ ਮਾਰਨਾ ਠੀਕ ਨਹੀਂ। ਗੁੱਸੇ ਵਿੱਚ ਆਏ ਟਰੰਪ ਨੇ ਕਿਹਾ ਕਿ ਇਹ ਸਰਕਾਰੀ ਪੱਖ ਦੀ ਦੁਰਵਰਤੋਂ ਅਤੇ ਨਿਆਂ ਪ੍ਰਣਾਲੀ ਦਾ ਹਥਿਆਰੀਕਰਨ ਹੈ। ਇਹ ਕੱਟੜਪੰਥੀ ਡੈਮੋਕਰੇਟਸ ਦਾ ਹਮਲਾ ਹੈ, ਜੋ ਮੈਨੂੰ 2024 ਦੀਆਂ ਚੋਣਾਂ ਲੜਨ ਤੋਂ ਰੋਕਣਾ ਚਾਹੁੰਦੇ ਹਨ। ਪਿੱਛੇ ਜਿਹੇਦੀਆਂ ਚੋਣਾਂ ਦੇ ਮੱਦੇਨਜ਼ਰ ਉਹ ਇਸ ਵਿੱਚ ਖਾਸ ਰੁਕਾਵਟਾਂ ਪਾ ਰਹੇ ਹਨ। ਉਹ ਅਗਲੀਆਂ ਮੱਧਕਾਲੀ ਚੋਣਾਂ ਵਿੱਚ ਰਿਪਬਲਿਕਨ ਅਤੇ ਕੰਜ਼ਰਵੇਟਿਵਾਂ ਨੂੰ ਰੋਕਣ ਲਈ ਕੁਝ ਵੀ ਕਰਨਗੇ। ਅਸਲ ਵਿੱਚ ਅਮਰੀਕੀ ਨਿਆਂ ਮੰਤਰਾਲਾ ਇਹ ਜਾਂਚ ਕਰ ਰਿਹਾ ਹੈ ਕਿ ਕੀ ਟਰੰਪ ਨੇ 2020 ਵਿੱਚ ਵ੍ਹਾਈਟ ਹਾਊਸ ਛੱਡਣ ਤੋਂ ਬਾਅਦ ਆਪਣੇ ਫਲੋਰੀਡਾ ਸਥਿਤ ਰਿਹਾਇਸ਼ ਉੱਤੇ ਗੁਪਤ ਰਿਕਾਰਡ ਲੁਕਾਏ ਹਨ ਜਾਂ ਨਹੀਂ।

# ਆਸਟਰੇਲੀਆ ਵਿੱਚ 10 ਤੋਂ 17 ਸਾਲ ਦੇ ਬੱਚੇ ਵੀ ਕੋਰੋਨਾ ਨਿਯਮਾਂ ਤੋਂ ਨਹੀਂ ਬਚੇ

ਮੈਲਬਰਨ, 11 ਅਗਸਤ (ਪੋਸਟ ਬਿਊਰੋ)- ਆਸਟਰੇਲੀਆ ਨੇ ਕੁਝ ਮਹੀਨੇ ਪਹਿਲਾਂ ਦੁਨੀਆ ਲਈ ਦਰਵਾਜ਼ੇ ਖੋਲ੍ਹੇ ਹਨ, ਪਰ ਉਸ ਤੋਂ ਪਹਿਲਾਂ ਉਥੋਂ ਦੀ ਸਰਕਾਰ ਨੇ ਕੋਰੋਨਾ ਮਹਾਮਾਰੀ ਦੇ ਕਾਰਨ ਕਰੀਬ ਦੋ ਸਾਲ ਤਕ ਸਖਤ ਪਾਬੰਦੀਆਂ ਲਾਗੂ ਕੀਤੀਆਂ ਹਨ। ਸਖਤੀ ਦਾ ਅੰਦਾਜ਼ਾ ਇਸੇ ਤੋਂ ਲੱਗ ਸਕਦਾ ਹੈ ਕਿ ਉਸ ਨੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਅਤੇ ਨਿਯਮ ਤੋੜਨ ਵਾਲੇ ਕਰੀਬ 3000 ਬੱਚਿਆਂ ਉੱਤੇਵੀ ਭਾਰੀ ਜੁਰਮਾਨਾ ਠੋਕ ਦਿੱਤਾ ਗਿਆ।

ਇਸ ਬਾਰੇ ਰਿਪੋਰਟ ਮੁਤਾ-ਬਕ ਇਹ ਜੁਰਮਾਨਾ ਤੈਅ ਨਿਯਮ ਵਾਲਾ ਜਾਂ ਫਿੱਟ ਮਾਸਕ ਨਾ ਲਾਉਣ, ਆਈਸੋਲੇਸ਼ਨ ਦਾ ਪੂਰੀ ਤਰ੍ਹਾਂ ਪਾਲਣ ਨਾ ਕਰਨ, ਘਰ ਅੰਦਰ ਜਾਂ ਬਾਹਰ ਇਕੱਠੇ ਹੋਣ, ਵੈਕਸੀਨ ਨਾ ਲਵਾਉਣ, ਯਾਤਰਾ ਦੇ ਪਰਮਿਟ ਦੀਆਂ ਸ਼ਰਤਾਂ ਨਾ ਮੰਨਣ ਵਰਗੇ ਦੋਸ਼ਾਂ ਲਈ ਲਾਇਆ ਗਿਆ। ਜਿਨ੍ਹਾਂ ਉੱਤੇ ਜੁਰਮਾਨਾ ਲੱਗਾ, ਉਨ੍ਹਾਂ ਦੀ ਉਮਰ 10 ਤੋਂ 17 ਸਾਲ ਵਿਚਾਲੇ ਹੈ। ਜੁਰਮਾਨਾ ਕਰੀਬ ਅੱਸੀ ਹਜ਼ਾਰ ਰੁਪਏ ਤੋਂ 2.4 ਲੱਖ ਰੁਪਏ ਤਕ ਲੱਗਾ ਹੈ। ਕੁਝ ਲੋਕਾਂ ਨੇ ਇਸ ਤਰ੍ਹਾਂ ਜੁਰਮਾਨਾ ਲਾਉਣ ਨੂੰ ਅੰਤਰਰਾਸ਼ਟਰੀ ਨਿਯਮਾਂ ਦੀ ਉਲੰਘਣਾ ਦੱਸਿਆ ਹੈ। ਇਸ ਦੇਸ਼ ਦੇ ਮਾਲ ਵਿਭਾਗ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਨ੍ਹਾਂ ਜੁਰਮਾਨਿਆਂ ਦੀ ਅਦਾਇਗੀ ਲਈ ‘ਵਰਕ ਐਂਡ ਡਿਵਲਪਮੈਂਟ ਆਰਡਰਸ' ਜਾਰੀ ਕੀਤੇ ਗਏ ਹਨ। ਡਬਲਯੂ ਡੀ ਓ ਇੱਕ ਵਿਵਸਥਾ ਹੈ ਜਿਸ ਹੇਠ 18 ਸਾਲ ਤੋਂ ਘੱਟ ਉਮਰ ਦੇ ਬੱਚੇ ਜਨਤਕ ਕੰਮ, ਕੌਂਸਲਿੰਗ ਕੋਰਸ ਜਾਂ ਇਲਾਜ ਵਿੱਚ ਮਦਦ ਕਰ ਕੇ ਜੁਰਮਾਨਾ ਘੱਟ ਕਰਵਾ ਸਕਦੇ ਹਨ। ਯੂਨੀਵਰਸਿਟੀ ਆਫ ਨਿਊ ਸਾਊਥ ਵੇਲਸ ਵਿੱਚ ਕਾਨੂੰਨ ਦੀ ਸੀਨੀਅਰ ਲੈਕਚਰਾਰ ਡਾ: ਨੇਓਮ ਪੇਲੇਗ ਮੁਤਾਬਕ 10 ਸਾਲ ਤਕ ਦੇ ਛੋਟੇ ਬੱਚਿਆਂ ਉੱਤੇ ਜੁਰਮਾਨੇ ਦਾ ਸੁਝਾਅ ਗਲਤ ਹੈ। ਯੂ ਐਨ ਕਨਵੈਂਸ਼ਨ ਆਨ ਦ ਰਾਈਟਸ ਆਫ ਚਾਈਲਡ ਹੇਠਬੱਚਿਆਂ ਦੇ ਅਧਿਕਾਰਾਂ ਦਾ ਘਾਣ ਹੈ।

# ਤੇਲ ਭੰਡਾਰ ਕੇਂਦਰ ਵਿੱਚ ਅੱਗ, ਇੱਕ ਮੌਤ, 17 ਲਾਪਤਾ, 121 ਜ਼ਖ਼ਮੀ

ਹਵਾਨਾ, 11 ਅਗਸਤ (ਪੋਸਟ ਬਿਊਰੋ)- ਕਿਊਬਾ ਦੇ ਸ਼ਹਿਰ ਮੁਟੰਜਸ ਦੇ ਤੇਲ ਸਟੋਰੇਜ ਕੇਂਦਰ ਉੱਤੇ ਬਿਜਲੀ ਡਿੱਗਣ ਤੋਂ ਬਾਅਦ ਅੱਗ ਲੱਗਣ ਨਾਲ ਚਾਰ ਧਮਾਕੇ ਹੋਏ, ਜਿਸ ਵਿੱਚ 121 ਲੋਕ ਜ਼ਖਮੀ ਹੋ ਗਏ ਤੇ 17 ਫ਼ਾਇਰਫ਼ਾਈਟਰ ਲਾਪਤਾ ਹੋ ਗਏ। ਕਿਊਬਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਮੌਕੇ ਉੱਤੇ ਇੱਕ ਵਿਅਕਤੀ ਦੀ ਲਾਸ਼ ਮਿਲੀ ਹੈ।



ਊਰਜਾ ਅਤੇ ਖਾਣਾਂ ਮੰਤਾਰਲੇ ਨੇ ਟਵੀਟ ਕੀਤਾ ਕਿ ਫ਼ਾਇਰਮੈਨ ਤੇ ਹੋਰ ਅਧਿਕਾਰੀ ਕੱਲ੍ਹ ਮਟੇਜਸ ਤੇਲ ਸਟੋਰੇਜ ਵਿੱਚ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਅਧਿਕਾਰੀਆਂ ਨੇ ਦੱਸਿਆ ਕਿ ਡੁਬਰੋਕ ਖੇਤਰ ਤੋਂ ਲੱਗਭਗ 800 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ।ਕਿਊਬਾ ਸਰਕਾਰ ਦੇ ਅਨੁਸਾਰ ਉਸ ਨੇ ਤੇਲ ਖੇਤਰ ਦਾ ਅਨੁਭਵ ਰੱਖਣ ਵਾਲੇ ‘ਦੋਸਤਾਨਾ ਦੇਸ਼ਾਂ’ ਦੇ ਅੰਤਰਰਾਸ਼ਟਰੀ ਮਾਹਰਾਂ ਕੋਲੋਂ ਮਦਦ ਮੰਗੀ ਸੀ। ਉਪ ਵਿਦੇਸ਼ ਮੰਤਰੀ ਕਾਰਲੋਸ ਫਰਨਾਂਡੇਜ਼ ਡੀ ਕੋਸੀਓ ਨੇ ਕਿਹਾ ਕਿ ਬਾਈਡੇਨ ਸਰਕਾਰ ਨੇ ਅੱਗ ਬੁਝਾਉਣ ਲਈ ਤਕਨੀਕੀ ਸਹਾਇਤਾ ਦੀ ਪੇਸ਼ਕਸ਼ ਕੀਤੀ ਸੀ। ਉਨ੍ਹਾਂ ਨੇ ਟਵੀਟ ਕਰ ਕੇ ਕਿਹਾ ਕਿ ਉਚਿਤ ਤਾਲਮੇਲ ਨਾਲ ਜੁੜੀ ਤਜਵੀਜ਼ ਮਾਹਰਾਂ ਦੇ ਹੱਥ ਹੈ। ਕੁਝ ਮਿੰਟਾਂ ਬਾਅਦ ਰਾਸ਼ਟਰਪਤੀ ਮਿਗੁਏਲ ਡਿਆਜ਼-ਕੈਨੇਲ ਨੇ ਮੈਕਸੀਕੋ, ਵੈਨੇਜ਼ੁਏਲਾ, ਰੂਸ, ਨਿਕਾਰਾਗੁਆ, ਅਰਜਨਟੀਨਾ ਅਤੇ ਚਿੱਲੀ ਦੀ ਮਦਦ ਦੀ ਪੇਸ਼ਕਸ਼ ਲਈ ਧੰਨਵਾਦ ਕੀਤਾ ਹੈ।ਅਧਿਕਾਰਤ ‘ਕਿਊਬਨ ਨਿਊਜ਼ ਏਜੰਸੀ' ਅਨੁਸਾਰ ਇੱਕ ਤੇਲ ਟੈਂਕ ਉੱਤੇਬਿਜਲੀ ਡਿੱਗਣ ਨਾਲ ਇੱਕ ਸਟੋਰੇਜ ਸੈਂਟਰ ਵਿੱਚ ਅੱਗ ਲੱਗ ਗਈ ਤੇ ਹੋਰ ਟੈਂਕਾਂ ਵਿੱਚ ਫ਼ੈਲ ਗਈ। ਜਦੋਂ ਫੌਜੀ ਹੈਲੀਕਾਪਟਰਾਂ ਨੇ ਅੱਗ ਬੁਝਾਉਣ ਲਈ ਪਾਣੀ ਦਾ ਛਿੜਕਾਅ ਕੀਤਾ ਤਾਂ ਕਾਲੇ ਧੂੰਏਂ ਦਾ ਇੱਕ ਸੰਘਣਾ ਗੁਬਾਰ ਉਠਿਆ ਅਤੇ ਸੌ ਕਿਲੋਮੀਟਰ ਦੇ ਘੇਰੇ ਵਿੱਚ ਫੈਲ ਗਿਆ। ਕਿਊਬਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿਜ਼ਖਮੀ ਹੋਏ 121 ਲੋਕਾਂ ਵਿੱਚੋਂ ਪੰਜ ਦੀ ਹਾਲਤ ਗੰਭੀਰ ਹੈ। ਪ੍ਰੈਜ਼ੀਡੈਂਸੀ ਆਫ਼ ਰਿਪਬਲਿਕ ਨੇ ਕਿਹਾ ਕਿ 17 ਲਾਪਤਾ ਫ਼ਾਇਰਫ਼ਾਈਟਰ ਸਨ ਜੋ ਅੱਗ ਦੇ ਫ਼ੈਲਣ ਨੂੰ ਰੋਕਣ ਲਈ ਨਜ਼ਦੀਕੀ ਖੇਤਰ ਵਿੱਚ ਸਨ। ਅਧਿਕਾਰੀ ਮ੍ਰਿਤਕਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।




# ਲਹਿੰਦੇ ਪੰਜਾਬ ਵਿੱਚ ਡੇਂਗੂ ਦਾ ਕਹਿਰ ਵੱਧਦਾ ਜਾ ਰਿਹੈ, ਰਾਵਲਪਿੰਡੀ ਸਭ ਤੋਂ ਸੰਵੇਦਨਸ਼ੀਲ

### * ਸਿਹਤ ਵਿਭਾਗ ਨੇ ਐਮਰਜੈਂਸੀ ਐਲਾਨੀ

ਰਾਵਲਪਿੰਡੀ, 11 ਅਗਸਤ (ਪੋਸਟ ਬਿਊਰੋ)- ਪਾਕਿਸਤਾਨੀ ਪੰਜਾਬ ਦੇ ਰਾਵਲਪਿੰਡੀ ਜ਼ਿਲ੍ਹੇ ਵਿੱਚ ਡੇਂਗੂ ਬਾਰੇ ਐਮਰਜੈਂਸੀ ਐਲਾਨ ਕੀਤੀ ਗਈ ਹੈ। ਸੂਬਾਈ ਸਿਹਤ ਵਿਭਾਗ ਨੇ ਇਹ ਫ਼ੈਸਲਾ ਡੇਂਗੂ ਦੇ ਵੱਧਦੇ ਕੇਸਾਂ ਕਾਰਨ ਲਿਆ ਹੈ।



ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵੱਧਣ ਕਾਰਨ ਸਿਹਤ ਵਿਭਾਗ ਨੇ ਜ਼ਿਲ੍ਹੇ ਨੂੰ ਡੇਂਗੂ ਲਈ ਸਭ ਤੋਂ ਸੰਵੇਦਨਸ਼ੀਲ ਕਰਾਰ ਦਿੱਤਾ ਹੈ। ਐਕਸਪ੍ਰੈਸ ਟ੍ਰਿਬਿਊਨ ਦੀ ਰਿਪੋਰਟ ਅਨੁਸਾਰ ਰਾਵਲਪਿੰਡੀ ਜ਼ਿਲ੍ਹੇ ਤੋਂ ਬਾਅਦ ਲਾਹੌਰ ਜ਼ਿਲ੍ਹੇ ਨੂੰ ਪੰਜਾਬ ਸਿਹਤ ਵਿਭਾਗ ਨੇ ਸਭ ਤੋਂ ਵੱਧ ਸੰਵੇਦਨਸ਼ੀਲ ਮੰਨਿਆ ਹੈ।ਸਥਿਤੀ ਕਾਬੂ ਤੋਂ ਬਾਹਰ ਹੋਣ ਤੋਂ ਰੋਕਣ ਲਈ ਜ਼ਿਲ੍ਹੇ ਵਿੱਚ ਡੇਂਗੂ ਦਾ ਵਾਇਰਸ ਖ਼ਤਮ ਕਰਨ ਲਈ 1000 ਤੋਂ ਵੱਧ ਟੀਮਾਂ ਬਣਾਈਆਂ ਹਨ। ਪਤਾ ਲੱਗਾ ਹੈ ਕਿ ਜ਼ਿਲ੍ਹੇ ਵਿੱਚ ਡੇਂਗੂ ਦੇ ਸ਼ੱਕੀ ਮਰੀਜ਼ਾਂ ਦੀ ਗਿਣਤੀ 91 ਹੋਈ ਹੈ, ਜਿਨ੍ਹਾਂ ਵਿੱਚੋਂ 29 ਵਿੱਚ ਇਹ ਵਾਇਰਸ ਮਿਲੇ ਹਨ। ਇਸ ਤੋਂ ਇਲਾਵਾ ਕੇਸਾਂ ਦੀ ਗਿਣਤੀ ਵੱਧਣ ਉੱਤੇ ਹਸਪਤਾਲ ਵੀ ਸਹੂਲਤਾਂ ਵਧਾ ਰਹੇ ਹਨ। ਸਿਹਤ ਵਿਭਾਗ ਨੂੰ ਸਾਰੇ ਸਬੰਧਤ ਹਸਪਤਾਲਾਂ ਵਿੱਚ ਐਮਰਜੈਂਸੀ ਆਧਾਰ ਉੱਤੇ ਡੇਂਗੂ ਬੁਖ਼ਾਰ ਦੇ ਇਲਾਜ ਲਈ ਪ੍ਰਬੰਧ ਕਰਨ ਦੇ ਨਿਰਦੇਸ਼ ਮਿਲੇ ਹਨ। ਜ਼ਿਲ੍ਹਾ ਅਧਿਕਾਰੀਆਂ ਨੇ ਕਿਹਾ ਕਿ ਮੀਡੀਆ ਆਊਟਲੈਟਸ ਅਨੁਸਾਰ ਡੇਂਗੂ ਬੁਖ਼ਾਰ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।ਡੇਂਗੂ ਦੇ ਵਧਦੇ ਕੇਸਾਂ ਬਾਰੇ ਇੱਕ ਅਧਿਕਾਰੀ ਨੇ ਦੱਸਿਆ ਕਿ ਕਹੂਟਾ ਤੇ ਚੱਕ ਜਲਾਲਦੀਨ ਵੱਲ ਸਭ ਤੋਂ ਵੱਧ ਕੇਸ ਮਿਲੇ ਹਨ। ਇਸ ਤੋਂ ਇਲਾਵਾ ਸ਼ਹਿਰ ਦੇ ਅੰਦਰੂਨੀ ਇਲਾਕਿਆਂ ਅਤੇ ਛਾਉਣੀ ਦੇ ਰਿਹਾਇਸ਼ੀ ਖੇਤਰਾਂ ਵਿੱਚ ਵੀ ਵੱਡੀ ਗਿਣਤੀ ਵਿੱਚ ਡੇਂਗੂ ਦਾ ਲਾਰਵਾ ਲਗਾਤਾਰ ਮਿਲ ਰਿਹਾ ਹੈ।

ਅੰਕੜਿਆਂ ਅਨੁਸਾਰ ਡੇਂਗੂ ਵਿਰੁੱਧ ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ (ਐਸ ਓ ਪੀਜ਼) ਦੀ ਪਾਲਣਾ ਨਾ ਕਰਨ ਲਈ 724 ਤੋਂ ਵੱਧ ਲੋਕਾਂ ਵਿਰੁੱਧ ਕੇਸ ਦਰਜ ਕੀਤੇ ਗਏ ਹਨ। ਅਧਿਕਾਰੀ ਨੇ ਕਿਹਾ ਕਿ ਅਗਸਤ ਦੇ ਪਹਿਲੇ ਹਫ਼ਤੇ 98,120 ਘਰਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 1,357 ਘਰਾਂ ਵਿੱਚ ਡੇਂਗੂ ਦਾ ਲਾਰਵਾ ਮਿਲਿਆ ਹੈ।

# ਔਰਤ ਨੇ ਪਤੀ ਤੋਂ ਤਲਾਕ ਲੈ ਕੇ ਕੁੱਤੇ ਨਾਲ ਵਿਆਹ ਕਰਵਾਇਆ

ਲੰਡਨ, 11 ਅਗਸਤ (ਪੋਸਟ ਬਿਊਰੋ)- ਕ੍ਰੋਏਸ਼ੀਆ ਵਿੱਚ ਇੱਕ ਦਿਲਚਸਪਕੇਸ ਸਾਹਮਣੇ ਆਇਆ ਹੈ। ਇੱਥੇ ਰਹਿਣ ਵਾਲੀ ਇੱਕ ਔਰਤ ਨੇ ਪਤੀ ਤੋਂ ਤਲਾਕ ਲੈ ਕੇ ਦੂਸਰਾ ਵਿਆਹ ਕਰ ਲਿਆ ਹੈ। ਤੁਸੀਂ ਸੋਚ ਰਹੇ ਹੋਵੋਗੇ ਕਿ ਆਖਰ ਇਸ ਵਿੱਚ ਹੈਰਾਨੀ ਵਾਲੀ ਕੀ ਗੱਲ ਹੈ। ਗੱਲ ਇਹ ਹੈ ਕਿ ਔਰਤ ਨੇ ਤਲਾਕ ਤੋਂ ਬਾਅਦ ਵਿਆਹ ਕਿਸੇ ਇਨਸਾਨ ਨਾਲ ਨਹੀਂ, ਸਗੋਂ ਆਪਣੇ ਕੁੱਤੇ ਨਾਲ ਕੀਤਾ ਹੈ।ਇਸ ਅਜੀਬੋਗਰੀਬ ਵਿਆਹ ਨੂੰ ਧੂਮਧਾਮ ਨਾਲ ਨਿਭਾਇਆ ਕੀਤਾ ਗਿਆ ਅਤੇ ਖਾਸ ਗੱਲ ਇਹ ਹੈ ਕਿ ਇਸ ਵਿਆਹ ਵਿੱਚ ਲੱਗਭਗ 200 ਲੋਕਾਂ ਨੇ ਹਿੱਸਾ ਲਿਆ।

47 ਸਾਲ ਦੀ ਅਮਾਂਡਾ ਰੋਜਰਸ ਦਾ ਕਹਿਣਾ ਹੈ ਕਿ ਉਹ ਕੁੱਤੇ ਨਾਲ ਵਿਆਹ ਕਰ ਕੇ ਬੇਹੱਦ ਖੁਸ਼ ਹਨ। ਉਸ ਨੇ ਦੱਸਿਆ ਕਿ ਜੀਵਨਸਾਥੀ ਵਿੱਚ ਉਨ੍ਹਾਂ ਨੂੰ ਜੋ ਚਾਹੀਦਾ ਸੀ, ਉਹ ਸ਼ੀਬਾ (ਕੁੱਤੇ) ਵਿੱਚ ਮਿਲਿਆ ਹੈ।ਮੀਡੀਆ ਰਿਪੋਰਟਾਂ ਮੁਤਾਬਕ ਤਲਾਕ ਤੋਂ ਬਾਅਦ ਅਮਾਂਡਾ ਰੋਜਰਸ ਕਈ ਮਹੀਨੇ ਸਿੰਗਲ ਰਹੀ। ਅੱਜਕੱਲ੍ਹ ਉਹ ਨਵੇਂ ਪਾਰਟਨਰ ਸ਼ੀਬਾ ਨਾਲ ਬੇਹੱਦ ਖੁਸ਼ ਹੈ। ਅਮਾਂਡਾ ਨੇ ਕਿਹਾ ਕਿ ਉਹ ਮੇਰੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਉਹ ਮੈਨੂੰ ਹਸਾਉਂਦਾ ਹੈ, ਮੈਨੂੰ ਖੁਸ਼ ਰੱਖਦਾ ਹੈ ਅਤੇ ਜਦੋਂ ਮੈਂ ਪ੍ਰੇਸ਼ਾਨ ਹੁੰਦੀ ਹਾਂ ਤਾਂ ਮੈਨੂੰ ਪਿਆਰ ਵੀ ਦਿੰਦਾ ਹੈ।

# ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਪੂਰੇ ਜੋਸ਼-ਓ-ਖ਼ਰੋਸ਼ ਨਾਲ ਚਿੰਗੂਆਕੂਜ਼ੀ ਪਾਰਕ 'ਚ ਹੋਈ

* ਸਖ਼ਤ ਗਰਮੀ ਦੇ ਬਾਵਜੂਦ 200 ਦੇ ਕਰੀਬ ਦੌੜਾਕਾਂ 'ਤੇ ਵਾੱਕਰਾਂ ਨੇ ਲਿਆ ਭਾਗ* 'ਸੋਮਲ ਵਾਚ ਕੰਪਨੀ' ਵੱਲੋਂ ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ ਨੂੰ ਘੜੀ ਨਾਲ ਸਨਮਾਨਿਤ ਕੀਤਾ ਗਿਆ












ਬਰੈਂਪਟਨ, (ਡਾ. ਝੰਡ) -'ਐੱਨਲਾਈਟ ਲਾਈਫ਼ ਆਫ਼ ਕਿੱਡਜ਼ ਇਨ ਨੀਡ' ਸੰਸਥਾ ਵੱਲੋਂ ਕਰਵਾਈ ਗਈ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' ਲੰਘੇ ਐਤਵਾਰ 7 ਅਗਸਤ ਨੂੰ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਵਿਚ ਹੋਈ ਜਿਸ ਵਿਚ 200 ਦੇ ਲੱਗਭੱਗ ਦੌੜਾਕਾਂ ਤੇ ਪੈਦਲ ਚੱਲਣ ਵਾਲਿਆ ਨੇ ਹਿੱਸਾ ਲਿਆ। ਸੰਸਥਾ ਦੇ ਇਸ ਪੰਜਵੇਂ ਈਵੈਂਟ ਦੀ ਖ਼ਾਸੀਅਤ ਇਹ ਸੀ ਕਿ ਇਸ ਵਿਚ ਇਸ ਦੀਆਂ ਸਹਿਯੋਗੀ ਜੱਥੇਬੰਦੀਆਂ 'ਟੀ.ਪੀ.ਏ.ਆਰ. ਕਲੱਬ, 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਅਤੇ 'ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ' ਜੋ ਹਰ ਸਾਲ ਇਸ ਦਾ ਅਹਿਮ ਹਿੱਸਾ ਬਣਦੀਆਂ ਹਨ, ਦੇ ਨਾਲ ਇਸ ਵਾਰ ਕੈਨੇਡਾ ਦੇ ਮੂਲ-ਵਾਸੀਆਂ ਦੀ ਸੰਸਥਾ 'ਇੰਡਸਪਾਇਰ' ਦੇ ਮੈਂਬਰ ਵੀ ਸ਼ਾਮਲ ਹੋਏ। ਸਵੇਰੇ 9.00 ਵਜੇ ਤੱਕ ਲੱਗਭੱਗ ਸਾਰੇ ਦੌੜਾਕ ਤੇ ਵਾੱਕਰ ਚਿੰਗੂਆਕੂਜ਼ੀ ਪਾਰਕ ਦੇ 'ਟੈਰੀ ਫ਼ਾਕਸ ਟਰੈਕ ਐਂਡ ਫ਼ੀਲਡ ਸਟੇਡੀਅਮ' ਵਿਚ ਪਹੁੰਚ ਗਏ ਜਿੱਥੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਲਈ ਚਾਹ-ਪਾਣੀ, ਕਾਫ਼ੀ ਤੇ ਸਨੈਕਸ ਦਾ ਪ੍ਰੋਗਰਾਮ ਚੱਲ ਰਿਹਾ ਸੀ।

ਸਾਢੇ ਕੁ ਨੌਂ ਵਜੇ ਤੱਕ ਇਕੱਤਰ ਦੌੜਾਕਾਂ, ਵਾਤਕਰਾਂ ਤੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਸੰਸਥਾ ਦੇ ਸੰਚਾਲਕ ਨਰਿੰਦਰ ਪਾਲ ਬੈਂਸ ਨੇ ਦੱਸਿਆ ਕਿ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਲਈ ਇਸ ਸੰਸਥਾ ਵੱਲੋਂ 2018 ਵਿਚ ਪਹਿਲੀ ਵਾਰ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਸ਼ੁਰੂਆਤ ਕੈਲੇਡਨ ਟਰੇਲ ਦੇ ਪੱਛਮ ਵਾਲੇ ਪਾਸੇ 5 ਕਿਲੋਮੀਟਰ ਅਤੇ 10 ਕਿਲੋਮੀਟਰ ਦੌੜ ਕੇ ਕੀਤੀ ਗਈ ਜਿਸ ਵਿਚ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ. ਕਲੱਬ), ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਨਾਰਥ ਅਮੈਰਿਕਾ ਦੇ ਮੈਂਬਰਾਂ ਵੱਲੋਂ ਵੱਡੀ ਗਿਣਤੀ ਵਿਚ ਭਾਗ ਲਿਆ ਗਿਆ ਸੀ। ਸਾਰੀਆਂ ਹੀ ਕਮਿਊਨਿਟੀਆਂ ਵੱਲੋਂ ਇਸ ਦੇ ਲਈ ਭਰਪੂਰ ਹੁੰਗਾਰਾ ਮਿ-ਲਆ ਸੀ ਅਤੇ ਇਸ ਵਿਚ ਦੌੜਾਕਾਂ ਤੇ ਵਾੱਕਰਾਂ ਦੀ ਗਿਣਤੀ 150 ਦੇ ਲੱਗਭੱਗ ਹੋ ਗਈ ਸੀ। ਇਸ ਤੋਂ ਉਤਸ਼ਾਹਿਤ ਹੋ ਕੇ 2019 ਵਿਚ ਦੂਸਰੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਵਿਚ ਕਰਵਾਈ ਗਈ ਜਿਸ ਵਿਚ ਉਪਰੋਕਤ ਤਿੰਨਾਂ ਸੰਸਥਾਵਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਅਤੇ ਇਸ ਦੌੜ ਵਿਚ 200 ਤੋਂ ਵਧੀਕ ਦੌੜਾਕ ਤੇ ਵਾੱਕਰ ਸ਼ਾਮਲ ਹੋਏ। 2020 ਵਿਚ ਸਾਰੀ ਦੁਨੀਆਂ ਕਰੋਨਾ ਮਹਾਂਮਾਰੀ ਦੇ ਫ਼ੈਲਣ ਕਾਰਨ ਇਹ ਦੌੜ ਨਹੀਂ ਕਰਵਾਈ ਜਾ ਸਕੀ ਸੀ ਪਰ ਫਿਰ ਵੀ ਇਸ ਸੰਸਥਾ ਦੇ ਕੁਝ ਨੌਜੁਆਨ ਮੈਂਬਰਾਂ ਨੇ ਸੀਮਤ ਗਿਣਤੀ ਵਿਚ ਸਿੰਬੋਲਿਕ ਤੌਰ 'ਤੇ ਦੌੜ ਕੇ ਤੀਸਰੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਪ੍ਰਕਿਰਿਆ ਪੂਰੀ ਕੀਤੀ। ਸਾਲ 2021 ਵਿਚ ਇਸ ਸੰਸਥਾ ਵੱਲੋਂ ਵਰਚੂਅਲ ਤੇ ਰੀਅਲ ਦੋਹਾਂ ਕਿਸਮਾਂ ਦੀ ਸਾਂਝੀ 'ਹਾਈਬਰਿੱਡ-ਦੌੜ' ਦਾ ਆਯੋਜਨ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਇਸ ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਵਿਚ 'ਟੀ.ਪੀ.ਏ.ਆਰ. ਕਲੱਬ, 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਅਤੇ 'ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ' ਤੋਂ ਇਲਾਵਾ 'ਇੰਡਸਪਾਇਰ' ਦੇ ਮੈਂਬਰ ਵੀ ਹਿੱਸਾ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਦੌੜ ਤੇ ਪੈਦਲ ਚੱਲਣ ਦੇ ਈਵੈਂਟ ਵਿਚ ਪਹਿਨੀ ਗਈ ਟੀ-ਸ਼ਰਟ ਵੀ 'ਇੰਡਸਪਾਇਰ' ਸੰਸਥਾ ਦੀ ਮੈਂਬਰ ਸਾਇਰਾ ਬਾਰਬਰ ਵੱਲੋਂ ਡੀਜ਼ਾਈਨ ਕੀਤੀ ਗਈ ਹੈ ਜਿਸ ਵਿਚ ਉਸ ਦੇ ਵੱਲੋਂ ਕੈਨੇਡਾ ਦੇ ਮੂਲ-ਵਾਸੀਆਂ ਦੀ ਸਟਰਾਬੈਰੀਜ਼ ਦੀ ਅਹਿਮੀਅਤ ਬਾਰੇ ਉਨ੍ਹਾਂ ਦੀ ਭਾਸ਼ਾ ਵਿਚ ਇਕ ਸਤਰ ਵੀ ਸ਼ਾਮਲ ਕੀਤੀ ਗਈ ਹੈ। ਉਨ੍ਹਾਂ ਦੀ ਇਹ ਸਪੀਚ ਨਵਪ੍ਰੀਤ ਛਤਵਾਲ ਵੱਲੋਂ ਤਿਆਰ ਕੀਤੀ ਗਈ। ਇਸ ਮੌਕੇ 'ਇੰਡਸਪਾਇਰ' ਸੰਸਥਾ ਦੀ ਸੀਨੀਅਰ ਡਿਵੈੱਲਪਮੈਂਟ ਅਫ਼ਸਰ ਕਾਰਲੇ ਗੈਲੈਂਟ ਵੱਲੋਂ ਵੀ ਹਾਜ਼ਰੀਨ ਨਾਲ ਵਿਚਾਰ ਸਾਂਝੇ ਕੀਤੇ ਗਏ।

ਕਰੋਨਾ ਤੋਂ ਲੱਗਭੱਗ ਛੁਟਕਾਰਾ ਹੋਣ ਤੋਂ ਬਾਅਦ ਇਸ 'ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' ਵਿਚ ਸਖ਼ਤ ਗਰਮੀ ਦੇ ਬਾਵਜੂਦ ਚਿੰਗੂਆਕੂਜ਼ੀ ਪਾਰਕ ਦੇ 'ਟੈਰੀ ਫੌਕਸ ਟਰੈਕ ਐਂਡ ਫ਼ੀਲਡ ਸਟੇਡੀਅਮ' ਵੀ ਵਿਚ 200 ਦੇ ਲੱਗਭੱਗ ਦੌੜਾਕਾਂ ਅਤੇ ਵਾੱਕਰਾਂ ਨੇ ਇਸ ਈਵੈਂਟ ਵਿਚ 5 ਕਿਲੋਮੀਟਰ ਤੇ 10 ਕਿਲੋਮੀਟਰ ਦੌੜ ਕੇ ਜਾਂ ਪੈਦਲ ਚੱਲ ਕੇ ਹਿੱਸਾ ਲਿਆ। ਸਾਢੇ ਗਿਆਰਾਂ ਵਜੇ ਤੀਕ ਚੱਲੇ ਇਸ ਦੌੜ ਤੇ ਵਾੱਕ ਦੇ ਈਵੈਂਟ ਵਿਚ ਦਰਸ਼ਕ ਵੀ ਕਾਫ਼ੀ ਗਿਣਤੀ ਵਿਚ ਹਾਜ਼ਰ ਸਨ। ਅਖ਼ੀਰ ਵਿਚ ਸੰਸਥਾ ਦੇ ਮੁੱਖ ਸੰਚਾਲਕ ਨਰਿੰਦਰਪਾਲ ਬੈਨਸ ਵੱਲੋਂ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ, ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ ਦੇ ਮੈਂਬਰਾਂ ਦੇ ਨਾਲ ਨਾਲ ਯੋਗੇਸ਼, ਪ੍ਰੀਤੀ, ਪ੍ਰਾਗਿਆ ਤੇ ਨਵਪ੍ਰੀਤ ਦਾ ਧੰਨਵਾਦ ਕਰਦਿਆਂ ਕੈਨੇਡਾ ਦੇ ਮੂਲ-ਵਾਸੀਆਂ ਦੀ ਸੰਸਥਾ ਦੇ ਮੈਂਬਰਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਕੈਨੇਡਾ ਦੀਆਂ ਸਾਰੀਆਂ ਕਮਿਊਨਿਟੀਆਂ ਦੇ ਲੋਕ ਉਨ੍ਹਾਂ ਦੇ ਨਾਲ ਹਨ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਤਿਆਰ ਹਨ।

ਉਨ੍ਹਾਂ ਦੱਸਿਆ ਕਿ ਇਸ ਰੱਨ-ਕਮ-ਵਾਕ ਈਵੈਂਟ ਵਿਚ ਇਕੱਠੀ ਹੋਈ ਰਾਸ਼ੀ ਦਾ ਇਕ ਹਿੱਸਾ ਬਰੈਂਪਟਨ ਦੇ ਫੂਡ ਬੈਂਕ 'ਨਾਈਟਸ ਟੇਬਲ' ਨੂੰ ਭੇਜਿਆ ਜਾਏਗਾ। ਉਨ੍ਹਾਂ ਸਾਰਿਆਂ ਨੂੰ ਸੰਸਥਾ ਦੇ ਅਗਲੇ ਈਵੈਂਟਸ ਵਿਚ ਵੀ ਇੰਜ ਹੀ ਜੋਸ਼ ਤੇ ਉਤਸ਼ਾਹ ਨਾਲ ਹਿੱਸਾ ਲੈਣ ਦੀ ਬੇਨਤੀ ਕੀਤੀ। ਇਸ ਮੌਕੇ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ ਮੁੱਖ-ਸੰਚਾਲਕ ਪਰਮਜੀਤ ਸਿੰਘ ਵੱਲੋਂ 28 ਅਗਸਤ ਦਿਨ ਐਤਵਾਰ ਨੂੰ ਫ਼ਾਊਂਡੇਸ਼ਨ ਵੱਲੋਂ ਕਰਵਾਈ ਜਾ ਰਹੀ 'ਇਨਸਪੀਰੇਸ਼ਨਲ ਸਟੈੱਪਸ 2022' ਵਿਚ ਏਸੇ ਤਰ੍ਹਾਂ ਹੀ ਉਤਸ਼ਾਹ ਨਾਲ ਭਾਗ ਲੈਣ ਲਈ ਅਪੀਲ ਕੀਤੀ ਗਈ। ਇਸ ਦੌਰਾਨ ਬਰੈਂਪਟਨ ਦੀ 'ਸੋਮਲ ਵਾਚ ਕੰਪਨੀ' ਦੇ ਮਾਲਕ ਸੁੱਚਾ ਸਿੰਘ ਸੋਮਲ ਵੱਲੋਂ ਟੀਪੀਏਆਰ ਕਲੱਬ ਦੇ ਸਰਗਰਮ ਮੈਂਬਰ ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ ਨੂੰ ਸ਼ਾਨਦਾਰ ਘੜੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਈਵੈਂਟ ਦੌਰਾਨ ਚਾਹ-ਪਾਣੀ ਤੇ ਸਨੈਕਸ ਦੀ ਸੇਵਾ ਓਨਟਾਰੀਓ ਖਾਲਸਾ ਦਰਬਾਰ ਵੱਲੋਂ ਅਤੇ ਕਾਫ਼ੀ ਦੀ ਸੇਵਾ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਕੀਤੀ ਗਈ।




# 10 ਮੀਟਰ ਸ਼ੂਟਰ ਰੇਂਜ ਦੇ ਚੈਂਪੀਅਨ ਰਾਜਪ੍ਰੀਤ ਸਿੰਘ ਦੀ ਓਲਿੰਪਿਕਸ-2024 ਵੱਲ ਇਕ ਹੋਰ ਪੁਲਾਂਘ

'ਸ਼ੂਟਿੰਗ ਫ਼ੈਡਰੇਸ਼ਨ ਆਫ਼ ਕੈਨੇਡਾ' ਦੀ ਕੁੱਕਸਟਾਊਨ ਵਿਖੇ ਹੋਈ ਚੈਂਪੀਅਨਸ਼ਿਪ ਵਿਚ ਜਿੱਤਿਆ ਗੋਲਡ ਮੈਡਲ









ਬਰੈਂਪਟਨ, (ਡਾ. ਝੰਡ) - ਸ਼ੂਟਿੰਗ ਫ਼ੈੱਡਰੇਸ਼ਨ ਆਫ਼ ਕੈਨੇਡਾ ਦੀ 1 ਅਗੱਸਤ ਤੋਂ 7 ਅਗੱਸਤ ਤੱਕ ਕੁੱਕਸਟਾਊਨ ਵਿਖੇ ਹੋਏ ਕੈਨੇਡਾ ਨੈਸ਼ਨਲ ਟੂਰਨਾਮੈਂਟ ਵਿਚ ਕੈਨੇਡਾ ਦੇ ਸਾਰੇ ਰਾਜਾਂ ਤੇ ਟੈਰੀਟਰੀਆਂ ਦੇ ਸ਼ੂਟਰ ਸ਼ਾਮਲ ਹੋਏ। ਪੰਜਾਬ ਦੇ ਪਿਛੋਕੜ ਦੇ ਰਾਜਪ੍ਰੀਤ ਸਿੰਘ ਜਿਸ ਨੇ ਲੱਗਭੱਗ ਦੋ ਮਹੀਨੇ ਪਹਿਲਾਂ ਹੋਈ 'ਕੈਨੇਡੀਅਨ ਏਅਰਗੰਨ ਗਰੈਂਡ ਪਰਿਕਸ ਇੰਟਰਨੈਸ਼ਨਲ ਚੈਂਪੀਅਨਸ਼ਿਪ' ਵਿਚ ਦੋ ਸੋਨ-ਤਮਗ਼ੇ ਜਿੱਤੇ ਸਨ, ਵੱਲੋਂ ਵੀ ਇਸ ਟੂਰਨਾਮੈਂਟ ਵਿਚ ਭਾਗ ਲਿਆ ਗਿਆ।

ਰਾਜਪ੍ਰੀਤ ਨੇ 2022 ਅਤੇ ਇਸ ਤੋਂ ਪਿਛਲੇ ਨੈਸ਼ਨਲ ਟੂਰਨਾਮੈਂਟਾਂ ਦੀ ਕਾਰਗੁਜ਼ਾਰੀ ਨੂੰ ਬਰਕਰਾਰ ਰੱਖਦੇ ਹੋਏ ਇਸ ਟੂਰਨਾਮੈਂਟ ਵਿਚ ਵੀ ਸੋਨੇ ਦਾ ਤਮਗ਼ਾ ਜਿੱਤ ਕੇ ਆਪਣੇ ਆਪ ਨੂੰ ਕੈਨੇਡਾ ਦਾ 'ਟੌਪ-ਸਕੋਰਰ' ਸਾਬਤ ਕਰਦਿਆਂ ਹੋਇਆਂ ਬਾਖ਼ੂਬੀ ਨਾਮਣਾ ਖੱਟਿਆ ਹੈ। ਹੁਣ ਬੱਸ ਉਸ ਦੇ ਕੈਨੇਡਾ ਦੇ ਪੱਕੇ-ਵਾਸੀ (ਪੀ.ਆਰ.) ਬਣਨ ਦੀ ਅੜਿੱਚਣ ਹੀ ਬਾਕੀ ਰਹੀ ਗਈ ਹੈ ਅਤੇ ਇਸ ਨੂੰ ਪਾਰ ਕਰਨ ਤੋਂ ਬਾਅਦ ਉਹ ਕੈਨੇਡਾ ਵੱਲੋਂ ਸਾਰੇ ਇੰਟਰਨੈਸ਼ਨਲ ਟੂਰਨਾਮੈਂਟਾਂ ਵਿਚ ਭਾਗ ਲੈ ਸਕਦਾ ਹੈ। ਉਸ ਨੂੰ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਨੂੰ ਪੂਰੀ ਉਮੀਦ ਹੈ ਕਿ ਕੈਨੇਡਾ ਸਰਕਾਰ ਵੱਲੋਂ ਇਸ ਸਬੰਧੀ ਜਲਦੀ ਹੀ ਕਾਰਵਾਈ ਪੂਰੀ ਕਰ ਲਈ ਜਾਏਗੀ ਅਤੇ ਫਿਰ ਰਾਜਪ੍ਰੀਤ ਲਈ ਕੈਨੇਡਾ ਵੱਲੋਂ ਓਲਿੰਪਿਕਸ-2024 ਵਿਚ ਜਾਣ ਵਾਲੀ ਟੀਮ ਦਾ ਮੈਂਬਰ ਬਣਨ ਲਈ ਰਾਹ ਪੱਧਰਾ ਹੋ ਜਾਏਗਾ।

ਰਾਜਪ੍ਰੀਤ ਦੇ ਤਾਇਆ ਜੀ ਹਰਜੀਤ ਸਿੰਘ ਨੇ ਇਸ ਦੇ ਬਾਰੇ ਫ਼ੋਨ 'ਤੇ ਗੱਲ ਕਰਦਿਆਂ ਦੱਸਿਆ ਕਿ ਕੈਨੇਡਾ ਸਰਕਾਰ ਨੂੰ ਕੈਨੇਡਾ ਦੇ ਇਕ ਉੱਤਮ ਸ਼ੂਟਰ ਰਾਜਪ੍ਰੀਤ ਨੂੰ ਪੀ.ਆਰ. ਮਨਾਉਣ ਦੀ ਕਾਰਵਾਈ ਜਲਦੀ ਤੋਂ ਜਲਦੀ ਮੁਕੰਮਲ ਕਰਕੇ ਉਸ ਨੂੰ ਓਲਿੰਪਿਕਸ-2024 ਲਈ ਤਿਆਰ ਕਰਨਾ ਚਾਹੀਦਾ ਹੈ ਅਤੇ ਇਸ ਦੇ ਲਈ ਉਸ ਦੀ ਵਿੱਤੀ-ਸਹਾਇਤਾ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਹੋਰ ਕਿਹਾ ਕਿ ਭਾਰਤ ਵਿਚ ਪੜ੍ਹਦਿਆਂ ਸ਼ੂਟਿੰਗ ਮੁਕਾਬਲਿਆਂ ਵਿਚ ਹਿੱਸਾ ਲੈਣ ਦੀ ਤਿਆਰੀ ਅਤੇ ਇਨ੍ਹਾਂ ਵਿਚ ਉਸ ਦੀ ਸ਼ਮੂਲੀਅਤ ਕਰਨ ਲਈ ਉਨ੍ਹਾਂ ਦੇ ਪਰਿਵਾਰ ਵੱਲੋਂ ਹੁਣ ਤੱਕ ਲੱਗਭੱਗ ਇਕ ਕਰੋੜ ਰੁਪਏ ਦਾ ਖ਼ਰਚਾ ਕੀਤਾ ਜਾ ਚੁੱਕਾ ਹੈ। ਇਸ ਦੇ ਲਈ ਨਾ ਹੀ ਪੰਜਾਬ ਸਰਕਾਰ ਅਤੇ ਨਾ ਹੀ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਹੀ ਉਸ ਦੀ ਕੋਈ ਮਾਇਕ ਮਦਦ ਕੀਤੀ ਗਈ ਹੈ। ਕੈਨੇਡਾ ਵਿਚ ਹੋਏ ਇਨ੍ਹਾਂ ਸ਼ੂਟਿੰਗ ਮੁਕਾਬਲਿਆਂ ਦੀ ਤਿਆਰੀ ਲਈ ਵੀ ਸਾਰਾ ਖ਼ਰਚ ਪਰਿਵਾਰ ਵੱਲੋਂ ਹੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਓਲਿੰਪਿਕਸ ਵਿਚ ਜਾਣ ਦਾ ਰਾਜਪ੍ਰੀਤ ਦਾ ਸੁਪਨਾ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਓਨਟਾਰੀਓ ਦੀ ਸੂਬਾ ਸਰਕਾਰ ਅਤੇ ਕੈਨੇਡਾ ਦੀ ਫ਼ੈੱਡਰਲ ਸਰਕਾਰ ਉਸ ਦੀ ਹੌਸਲਾ-ਅਫ਼ਜ਼ਾਈ ਅਤੇ ਵਿੱਤੀ ਮਦਦ ਕਰੇ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਸੁਜਾਨਪੁਰ ਵਿਖੇ ਆਜ਼ਾਦੀ ਦੇ 75 ਵਰ੍ਹੇ ਪੂਰੇ ਹੋਣ ਤੇ ਚਲਾਇਆ ਸਫਾਈ ਅਭਿਆਨ

ਪਠਾਨਕੋਟ, 11 ਅਗਸਤ (ਰਾਜਿੰਦਰ ਸਿੰਘ ਰਾਜਨ) ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰਬੰਧ ਅਧੀਨ ਚਲ ਰਹੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਸੁਜਾਨਪੁਰ ਵਿਖੇ ਕਾਲਜ ਦੇ ਐਨ.ਐਸ. ਐਸ. ਵਿਭਾਗ ਵਲੋਂ ਪੰਜਾਬ ਸਰਕਾਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਦਿਸ਼ਾ ਨਿਰਦੇਸ਼ਾਂ ਤੇ ਆਜ਼ਾਦੀ ਦੇ 75 ਵਰ੍ਹੇ ਪੂਰੇ ਹੋਣ ਤੇ ਸਫਾਈ ਅਭਿਆਨ ਚਲਾਇਆ ਗਿਆ।

ਇਸ ਅਭਿਆਨ ਵਿੱਚ ਕਾਲਜ ਦੇ ਐਨ.ਐਸ. ਐਸ. ਵਿਭਾਗ ਦੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ ਅਤੇ ਕਾਲਜ ਕੈਂਪਸ ਦੀ ਸਫ਼ਾਈ ਕੀਤੀ। ਵੱਡੀ ਗਿਣਤੀ ਵਿਚ ਕਾਲਜ ਵਿੱਚ ਪਹੁੰਚੇ ਵਿਦਿਆਰਥੀਆਂ ਨੇ ਸਫ਼ਾਈ ਅਭਿਆਨ ਪ੍ਰਤੀ ਉਤਸਾਹ ਦਿਖਾਇਆ। ਇਸ ਤੋਂ ਬਾਅਦ ਕਾਲਜ ਪ੍ਰਿੰਸੀਪਲ ਮੈਡਮ ਪ੍ਰੋ. ਭੁਪਿੰਦਰ ਕੌਰ ਦੀ ਯੋਗ ਅਗਵਾਈ ਵਿਚ ਐਨ.ਐਸ. ਐਸ.ਵਿਭਾਗ ਦੇ ਵਿਦਿਆਰਥੀਆਂ ਨੇ ਆਜ਼ਾਦੀ ਦੇ 75 ਵਰ੍ਹੇ ਪੂਰੇ ਹੋਣ ਤੇ ਭਾਰਤ ਸਰਕਾਰ ਵਲੋਂ ਮਨਾਏ ਜਾ ਰਹੇ ਆਜ਼ਾਦੀ ਸਾਲ ਦੇ ਅਧੀਨ (ਅੰਤਰਰਾਸ਼ਟਰੀ ਯੁਵਾ ਦਿਵਸ ਦੇ ਵਿਸ਼ੇਸ਼ ਮੌਕੇ ਤੇ 1 ਤੋਂ 15 ਅਗਸਤ 2022 ਤੱਕ ਸਵੱਛਤਾ ਪਖਵਾੜਾ) ਵਿੱਚ ਭਾਗ ਲਿਆ। ਇਸ ਵਿੱਚ ਵੀ ਵਿਦਿਆਰਥੀਆਂ ਨੇ ਭਾਰੀ ਉਤਸਾਹ ਦਿਖਾਇਆ। ਉਹਨਾਂ ਨੇ ਹੱਥ ਵਿੱਚ ਤਿਰੰਗੇ ਲੈ ਕੇ ਕੈਂਪਸ ਦੇ ਅੰਦਰ ਅਤੇ ਨੇੜੇ ਦੇ ਇਲਾਕੇ ਦੇ ਲੋਕਾਂ ਨੂੰ ਇਹ ਸੰਦੇਸ ਦੇਣ ਲਈ ਆਜ਼ਾਦੀ ਦੌੜ ਵਿੱਚ ਹਿੱਸਾ ਲਿਆ। ਐਨ.ਐਸ. ਐਸ. ਇੰਚਾਰਜ ਡਾ. ਵਿਸ਼ਾਲ ਕੁਮਾਰ ਅਤੇ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਮੈਡਮ ਗੁਲਕਿਰਨ ਕੌਰ ਨੇ ਵਿਦਿਆਰਥੀਆਂ ਨੂੰ ਇਸ ਬਾਰੇ ਜਾਣਕਾਰੀ ਦਿੱਤੀ । ਇਸ ਮੌਕੇ ਕਾਲਜ ਦੇ ਪ੍ਰੋ. ਸੁਖਜਿੰਦਰ ਕੌਰ, ਪ੍ਰੋ. ਜਸ਼ਨਜੋਤ ਸਿੰਘ ਜੌਹਲ, ਮੈਡਮ ਨੇਹਾ ਅਤੇ ਮੈਡਮ ਸ਼ਾਲੂ ਤੋਂ ਇਲਾਵਾ ਨਾਨ-ਟੀਚਿੰਗ ਕਰਮਚਾਰੀ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਮੌਜੂਦ ਸਨ।






## ਆਰ ਟੀ ਆਈ ਕਾਰਕੁੰਨ ਨੇ ਵਿਧਾਇਕ ਦੇ ਭਰਾ ਉਤੇ ਹਮਲਾ ਕਰਾਉਣ ਦਾ ਦੋਸ਼ ਲਾਇਆ

ਨਾਭਾ, 11 ਅਗਸਤ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਸਾਬਕਾ ਸ਼ਹਿਰੀ ਪ੍ਰਧਾਨ ਅਤੇ ਆਰ ਟੀ ਈ ਕਾਰਕੁੰਨ ਨਰਿੰਦਰ ਸ਼ਰਮਾ ਉੱਤੇਕੱਲ੍ਹ ਸ਼ਾਮ ਦਸ-ਬਾਰ੍ਹਾਂ ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰ ਦਿੱਤਾ।

ਇੱਕ ਸਮਾਜ ਸੇਵੀ ਸੰਸਥਾ ਵਿੱਚ ਬੱਚਿਆਂ ਨੂੰ ਪੜ੍ਹਾ ਕੇ ਵਕੀਲ ਨਰਿੰਦਰ ਸ਼ਰਮਾ ਆਪਣੇ ਦਫਤਰ ਮੁੜ ਰਹੇ ਸਨ ਤਾਂ ਪੁਰਾਣੇ ਕਿਲੇ ਕੋਲ ਅਣਪਛਾਤੇ ਬੰਦਿਆਂ ਨੇ ਉਸ ਨੂੰ ਘੇਰ ਕੇ ਕੁੱਟਿਆ। ਪੁਲਸ ਨੇ ਅਣਪਛਾਤੇ ਦੋਸ਼ੀਆਂ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀੜਤ ਨਰਿੰਦਰ ਸ਼ਰਮਾ ਨੇ ਇਸ ਘਟਨਾ ਪਿੱਛੇ ਨਾਭੇ ਦੇ ਵਿਧਾਇਕ ਦੇਵ ਮਾਨ ਦੇ ਭਰਾ ਦਾ ਹੱਥ ਹੋਣ ਦਾ ਸ਼ੱਕ ਕੀਤਾ ਹੈ। ਉਨ੍ਹਾ ਨੇ ਕਿਹਾ ਕਿ ਉਹ ਨਾਭੇ ਵਿੱਚ ਨਾਲੀਆਂ ਦੀ ਸਫਾਈ ਤੇ ਕਚਹਿਰੀ ਦੇ ਸਾਈਕਲ ਸਟੈਂਡ ਦੀ ਬੋਲੀ ਵਿੱਚ ਧਾਂਦਲੀਆਂ ਬਾਰੇ ਆਰ ਟੀ ਆਈ ਹੇਠਸੂਚਨਾ ਮੰਗਦੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਲਗਭਗ ਇੱਕ ਮਹੀਨਾ ਪਹਿਲਾਂ ਨਾਭਾ ਪ੍ਰਸ਼ਾਸਨ ਦੀ ਆਲੋਚਨਾ ਕਰਦਿਆਂ ਸੋਸ਼ਲ ਮੀਡੀਆ ਉੱਤੇ ਪੋਸਟ ਪਾਉਣ ਮਗਰੋਂ ਪਿਛਲੇ ਐਸ ਐਚ ਓ ਨੇ ਥਾਣੇ ਬੁਲਾ ਕੇ ਉਨ੍ਹਾਂ ਤੋਂ ਪੁੱਛਗਿੱਛ ਵੀ ਕੀਤੀ ਸੀ।

ਵਿਧਾਇਕ ਦੇਵ ਮਾਨ ਇਸ ਵੇਲੇ ਕੈਨੇਡਾ ਵਿੱਚ ਹਨ। ਉਨ੍ਹਾਂ ਦੇ ਭਰਾ ਗੁਲਾਬ ਮਾਨ ਨੇ ਕਿਹਾ ਕਿ ਨਰਿੰਦਰ ਸ਼ਰਮਾ ਨਾਲ ਉਨ੍ਹਾਂ ਦੀ ਕੋਈ ਰੰਜਿਸ਼ ਨਹੀਂ ਹੈ, ਸਗੋਂ ਉਨ੍ਹਾਂ ਉੱਤੇ ਹੋਏ ਹਮਲੇ ਨਾਲ ਉਹ ਫਿਕਰਮੰਦ ਹਨ। ਨਾਭਾ ਕੋਤਵਾਲੀ ਦੇ ਮੁਖੀ ਹੈਰੀ ਬੋਪਾਰਾਏ ਨੇ ਦੱਸਿਆ ਕਿ ਪੀੜਤ ਦੇ ਬਿਆਨ ਅਤੇ ਸੀ ਸੀ ਟੀ ਵੀ ਫੁਟੇਜ ਦੇ ਆਧਾਰ ਉੱਤੇ ਪੜਤਾਲ ਜਾਰੀ ਹੈ ਤੇ ਦੋਸ਼ੀ ਪਾਏ ਜਾਣ ਉਤੇ ਕਿਸੇ ਨਾਲ ਵੀ ਨਰਮੀ ਨਹੀਂ ਵਰਤੀ ਜਾਵੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

WWW.KULWINDERCHHINA.COM
MULTI AWARD WINNER
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ,ਉਮਰ 28 ਸਾਲ,ਕੱਦ 5'7", ਕੈਨੇਡੀਅਨ ਪੀ ਆਰ ਲੜਕੇ ਲਈ ,ਪੀ ਆਰ ਜਾਂ ਵਰਕਪਰਮਟ, ਪੜੀ ਲਿਖੀ ਲੜਕੀ ਦੀ ਲੋੜ ਹੈ, ਮੈਰੇਜ ਬਿਊਰੋ ਮਾਫ਼ ਕਰਨ, ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
WhatsApp +919915470912, 6475312139

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

## ਲੜਕੇ ਦੀ ਲੋੜ

ਨਾਈ ਸਿੱਖ ਲੜਕੀ, 1993, Masters in Commerce, Two years Canadian Education, Job: Accounting Bookkeeper Got: Hargun Height: 5'3, Status in canada : PR, (1 brother also in canada ) Looking for vegetarian , Well educated sikh boy. (Preferred in canada.) 6048973052

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਕੇਅਰ ਗਿਵਰ ਦੀ ਲੋੜ

ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀਸ਼ ਇੰਸਟ੍ਰਕਟਰ
647-998-7500 ਬਲਵਿੰਦਰ

# ਪੰਜਾਬ ਸਰਕਾਰ ਵੱਲੋਂ ਸਿੱਖਿਆ ਅਤੇ ਸਿਹਤ ਫੰਡ ਸ਼ੁਰੂ ਕਰਨ ਵਾਸਤੇ ਮਨਜ਼ੂਰੀ

* ਵਾਈਸ ਚਾਂਸਲਰ ਡਾ. ਬਹਾਦਰ ਦਾ ਅਸਤੀਫਾ ਮਨਜ਼ੂਰ * 23 ਕੈਦੀਆਂ ਨੂੰ ਸਜ਼ਾ ਦੀ ਛੋਟ ਤੇ ਲੈਕਚਰਾਰਾਂ ਬਾਰੇ ਅਹਿਮ ਫੈਸਲੇ



ਚੰਡੀਗੜ੍ਹ, 11 ਅਗਸਤ, (ਪੋਸਟ ਬਿਊਰੋ)- ਭਾਰਤ ਦੇ ਸੰਵਿਧਾਨ ਦੀ ਧਾਰਾ 163 ਹੇਠਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਪੰਜਾਬ ਦੀਆਂ ਜੇਲ੍ਹਾਂ ਦੇ 23 ਕੈਦੀਆਂ/ਉਮਰ ਕੈਦੀਆਂ ਨੂੰ ਸਜ਼ਾ ਦੀ ਵਿਸ਼ੇਸ਼ ਛੋਟ ਦਾ ਕੇਸ ਪੰਜਾਬ ਦੇ ਗਵਰਨਰ ਨੂੰ ਸੰਵਿਧਾਨ ਦੀ ਧਾਰਾ 161 ਹੇਠ ਵਿਚਾਰ ਲਈ ਭੇਜਣ ਦਾ ਫੈਸਲਾ ਕੀਤਾ ਹੈ।ਇਸ ਮੌਕੇਇੱਕ ਹੋਰ ਫੈਸਲੇ ਵਿੱਚ ਕੈਬਨਿਟ ਨੇ ਸਰਕਾਰੀ ਕਾਲਜਾਂ ਵਿੱਚ ਗੈਸਟ ਫੈਕਲਟੀ ਤੇ ਪਾਰਟ ਟਾਈਮ ਲੈਕਚਰਾਰਾਂ ਨੂੰ ਮੌਜੂਦਾ ਅਚਨਚੇਤਅਤੇ ਜਣੇਪਾ ਛੁੱਟੀ ਦੇ ਨਾਲ ਕਮਾਈ ਛੁੱਟੀ, ਅੱਧੀ ਤਨਖਾਹ ਛੁੱਟੀ ਅਤੇ ਅਸਾਧਾਰਨ ਛੁੱਟੀ ਲਈ ਪ੍ਰਵਾਨਗੀ ਦੇ ਦਿੱਤੀ ਹੈ। ਗੈਸਟ ਫੈਕਲਟੀ ਤੇ ਪਾਰਟ ਟਾਈਮ ਲੈਕਚਰਾਰ ਚਿਰਾਂ ਤੋਂ ਇਨ੍ਹਾਂ ਛੁੱਟੀਆਂ ਦੀ ਮੰਗ ਕਰ ਰਹੇ ਸਨ।

ਨੌਜਵਾਨਾਂ ਨੂੰ ਨੌਕਰੀਆਂ ਦੇ ਨਵੇਂ ਮੌਕੇ ਦੇਣ ਲਈ ਸਨਅਤੀ ਖੇਤਰ ਦੇ ਚੰਗੇ ਮਾਹੌਲਲਈ ਮੰਤਰੀਆਂ ਦੇ ਗਰੁੱਪ ਨੇ ਅੰਮ੍ਰਿਤਸਰ-ਕੋਲਕਾਤਾ ਇੰਡਸਟ੍ਰੀਅਲ ਕਾਰੀਡੋਰ ਹੇਠ ਇੰਟੈਗ੍ਰੇਟਿਡ ਮੈਨੂਫੈਕਚਰਿੰਗ ਕਲੱਸਟਰ ਲਈਸ਼ੇਅਰਹੋਲਡਰਜ਼ ਐਗਰੀਮੈਂਟ ਅਤੇ ਸਟੇਟ ਸਪੋਰਟ ਐਗਰੀਮੈਂਟ ਕਰਨ ਦੇ ਲਈ ਸਹਿਮਤੀ ਦੇ ਦਿੱਤੀ ਹੈ। ਨੈਸ਼ਨਲ ਇੰਡਸਟ੍ਰੀਅਲ ਕਾਰੀਡੋਰ ਡਿਵੈਲਪਮੈਂਟ ਕਾਰਪੋਰੇਸ਼ਨ ਦੀ ਮਦਦ ਨਾਲ ਇਹ ਪ੍ਰਾਜੈਕਟ ਰਾਜਪੁਰਾ ਨੇੜੇ ਲੱਗੇਗਾ ਤੇ ਲੋਕਲ ਵਪਾਰਉਤਸ਼ਾਹਤ ਕਰਨ ਦੇ ਨਾਲ ਵਪਾਰ ਨੂੰ ਸੰਸਾਰ ਮੁਕਾਬਲੇ ਵਾਲਾ ਬਣਾਉਣ ਤੇ ਨਿਵੇਸ਼ ਲਈ ਸੁਖਾਵਾਂ ਮਾਹੌਲ ਸਿਰਜਣ ਲਈ ਸਹਾਈ ਹੋਵੇਗਾ। ਇਹ ਪ੍ਰਾਜੈਕਟ ਸਨਅਤੀ ਖੇਤਰ ਵਿੱਚ 32,724 ਰੋਜ਼ਗਾਰ ਦੇ ਅੰਦਾਜ਼ਨ ਸਿੱਧੇ ਮੌਕੇ ਅਤੇ ਗੈਰ ਸਨਅਤੀ ਖੇਤਰ ਵਿੱਚਵੀ 14,880 ਰੋਜ਼ਗਾਰ ਦੇ ਨਵੇਂ ਮੌਕੇ ਬਣਾਉਣ ਵਾਲਾ ਸਾਬਤ ਹੋਵੇਗਾ।

ਇੱਕ ਨਵੀਂ ਪਹਿਲ ਵਜੋਂ ਸਰਕਾਰ ਨੇ ਪੰਜਾਬ ਵਿੱਚ 'ਸਿੱਖਿਆਤੇਸਿਹਤ ਫੰਡ' ਕਾਇਮ ਕਰਨ ਲਈ ਟਰੱਸਟ ਡੀਡਪ੍ਰਵਾਨ ਕਰ ਲਈ ਹੈ।ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਕਿਹਾ ਕਿ ਇਸ ਦਾ ਮੁੱਢਲਾ ਕੰਮ ਪੰਜਾਬ ਦੀ ਭੂਗੋਲਿਕ ਹੱਦਵਿੱਚ ਸਿਹਤ ਤੇ ਸਿੱਖਿਆ ਖੇਤਰਾਂ ਵਿੱਚ ਪੂੰਜੀਗਤ ਜਾਇਦਾਦਾਂ ਦੀ ਸਿਰਜਣਾ ਜਾਂ ਅਪਗ੍ਰੇਡੇਸ਼ਨ ਵਿੱਚਮਦਦ ਕਰਨਾ ਹੈ ਤਾਂ ਕਿ ਸਵੈ-ਇੱਛਤ ਦਾਨ ਨਾਲ ਲੋਕਾਂ ਦੀ ਭਲਾਈ ਹੋਵੇ। ਟਰੱਸਟ ਦੇ ਚੇਅਰਪਰਸਨ ਖੁਦਮੁੱਖ ਮੰਤਰੀ ਹੋਣਗੇ, ਵਿੱਤ ਮੰਤਰੀ ਨੂੰ ਵਾਈਸ ਚੇਅਰਪਰਸਨ, ਚੀਫ ਸੈਕਟਰੀ ਮੈਂਬਰ ਸੈਕਟਰੀਅਤੇ ਸਿਹਤ, ਸਕੂਲ ਸਿੱਖਿਆ, ਮੈਡੀਕਲ ਸਿੱਖਿਆ, ਉੱਚ ਸਿੱਖਿਆ ਤੇ ਤਕਨੀਕੀ ਸਿੱਖਿਆ ਵਿਭਾਗਾਂ ਦੇ ਮੰਤਰੀ ਇਸ ਦੇ ਟਰੱਸਟੀ ਬਣਾਏ ਹਨ। ਇਸ ਟਰੱਸਟ ਕੋਲ ਸਲਾਹ-ਮਸ਼ਵਰੇ ਲਈ ਚੀਫ ਸੈਕਟਰੀ ਦੀ ਅਗਵਾਈ ਵਾਲੀ ਇੱਕ ਸਲਾਹਕਾਰ ਕਮੇਟੀ ਵੀ ਹੋਵੇਗੀ।

ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਦਾ ਅਸਤੀਫਾਪੰਜਾਬ ਸਰਕਾਰ ਨੇ ਅੱਜ ਮਨਜ਼ੂਰ ਕਰ ਲਿਆ ਹੈ। ਡਾ. ਰਾਜ ਬਹਾਦਰ ਨੇ ਪੰਜਾਬ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਨਾਲ ਵਿਵਾਦ ਪਿੱਛੋਂ ਅਸਤੀਫਾ ਦੇ ਦਿੱਤਾ ਸੀ।ਵਰਨਣ ਯੋਗ ਹੈ ਕਿ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਫਰੀਦਕੋਟ ਦੇ ਦੌਰੇ ਦੌਰਾਨ ਸਿਹਤ ਮੰਤਰੀ ਜੌੜੇਮਾਜਰਾ ਨੇ ਡਾ ਰਾਜ ਬਹਾਦਰ ਨੂੰ ਗੰਦੇ ਗੱਦੇ ਉੱਤੇਲੇਟਣ ਨੂੰ ਕਿਹਾ ਸੀ, ਜਿਸ ਦੀ ਵੀਡੀਓ ਵਾਇਰਲ ਹੋਣ ਪਿੱਛੋਂ ਡਾ. ਰਾਜ ਬਹਾਦਰ ਨੇ ਅਸਤੀਫਾ ਭੇਜਦਿੱਤਾ ਸੀ, ਪਰ ਸਰਕਾਰ ਨੇ ਮਨਜ਼ੂਰ ਨਹੀਂ ਕੀਤਾ।ਇਸ ਪਿੱਛੋਂ ਉਨ੍ਹਾਂ ਨੂੰ ਪੰਜਾਬ ਸਰਕਾਰਨੇ ਮਨਾਉਣ ਦੀ ਵੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੇ ਅਸਤੀਫਾ ਵਾਪਸ ਨਹੀਂ ਸੀ ਲਿਆ।

# ਸੱਸ ਦਾ ਕਤਲ ਕਰਨ ਵਾਲੇ ਜਵਾਈ ਨੂੰ ਉਮਰ ਕੈਦ

ਹੁਸ਼ਿਆਰਪੁਰ, 11 ਅਗਸਤ (ਪੋਸਟ ਬਿਊਰੋ)- ਅਡੀਸ਼ਨਲ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ ਦੀ ਅਦਾਲਤ ਨੇ ਰੋਹਿਤ ਵਸ਼ਿਸ਼ਟ ਵਾਸੀ ਹਜੀਪੁਰ ਨੂੰ ਆਪਣੀ ਸੱਸ ਸੁਸ਼ਮਾ ਸ਼ਰਮਾ ਦੇ ਕਤਲ ਦੇ ਦੋਸ਼ ਹੇਠ ਉਮਰ ਕੈਦ ਦੀ ਸਜ਼ਾ ਅਤੇ 20 ਹਜ਼ਾਰ ਰੁਪਏ ਜੁਰਮਾਨੇ ਦੇ ਹੁਕਮ ਸੁਣਾਏ ਹਨ। ਜੁਰਮਾਨਾ ਨਾ ਦਿੱਤਾ ਤਾਂ ਛੇ ਮਹੀਨੇ ਕੈਦ ਹੋਰ ਭੁਗਤਣੀ ਪਵੇਗੀ। ਮ੍ਰਿਤਕਾ ਸੁਸ਼ਮਾ ਸ਼ਰਮਾ ਦੇ ਪਤੀ ਵਿਜੈ ਕੁਮਾਰ ਸ਼ਰਮਾ ਵਾਸੀ ਮੁਕੇਰੀਆਂ ਦੀ ਸ਼ਿਕਾਇਤ ਉੱਤੇ ਥਾਣਾ ਮੁਕੇਰੀਆਂ ਦੀ ਪੁਲਸ ਨੇ ਤਿੰਨ ਅਕਤੂਬਰ 2020 ਨੂੰ ਰੋਹਿਤ ਵਾਸ਼ਿਸ਼ਟ ਦੇ ਖਿਲਾਫ ਧਾਰਾ 302 ਦਾ ਕਤਲ ਕੇਸ ਦਰਜ ਕੀਤਾ ਸੀ। ਸ਼ਿਕਾਇਤਕਰਤਾ ਮੁਤਾਬਕ ਉਸ ਦੀ ਲੜਕੀ ਜੋਤੀ ਸ਼ਰਮਾ ਦਾ ਕਰੀਬ 12 ਸਾਲ ਪਹਿਲਾਂ ਰੋਹਿਤ ਵਸ਼ਿਸ਼ਟ ਨਾਲ ਵਿਆਹ ਹੋਇਆ ਸੀ। ਉਸ ਨੇ ਦੋਸ਼ ਲਾਇਆ ਕਿ ਰੋਹਿਤ ਉਨ੍ਹਾਂ ਦੀ ਲੜਕੀ ਨਾਲ ਲੜਦਾ ਰਹਿੰਦਾ ਸੀ। ਪਿਛਲੇ ਕਰੀਬ ਇੱਕ ਸਾਲ ਤੋਂ ਜੋਤੀ ਆਪਣੇ ਮਾਪਿਆਂ ਕੋਲ ਰਹਿੰਦੀ ਸੀ।ਵਿਜੈ ਕੁਮਾਰ ਨੇ ਦੱਸਿਆ ਕਿ ਦੋ-ਚਾਰ ਅਕਤੂਬਰ 2020 ਦੀ ਰਾਤ ਰੋਹਿਤ ਆਪਣੀ ਕਾਰ ਰਾਹੀਂ ਉਨ੍ਹਾਂ ਦੇ ਘਰ ਆਇਆ ਅਤੇ ਲਲਕਾਰੇ ਮਾਰਨ ਲੱਗਾ। ਉਸ ਨੇ ਜਦੋਂ ਗੇਟ ਖੋਲ੍ਹਿਆ ਤਾਂ ਰੋਹਿਤ ਨੇ ਉਸ ਉੱਤੇ ਅਤੇ ਉਸ ਦੀ ਪਤਨੀ ਸੁਸ਼ਮਾ ਉੱਤੇ ਕਾਰ ਚੜ੍ਹਾ ਦਿੱਤੀ ਅਤੇ ਫਰਾਰ ਹੋ ਗਿਆ। ਗੰਭੀਰ ਜ਼ਖਮੀ ਸੁਸ਼ਮਾ ਨੂੰ ਹਸਪਤਾਲ ਲਿਜਾਂਦੇ ਸਮੇਂ ਰਸਤੇ ਵਿੱਚ ਉਸ ਨੇ ਦਮ ਤੋੜ ਦਿੱਤਾ। ਥਾਣਾ ਮੁਕੇਰੀਆਂ ਪੁਲਸ ਨੇ ਕੇਸ ਦਰਜ ਕਰ ਕੇ ਰੋਹਿਤ ਵਸ਼ਿਸ਼ਟ ਨੂੰ ਗ੍ਰਿਫਤਾਰ ਕਰ ਲਿਆ ਸੀ। ਕੱਲ੍ਹ ਅਦਾਲਤ ਨੇ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।




# ਡਿਟਰੋਇਟ ਵਿਖੇ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ 2022 ਦਾ ਆਯੋਜਨ











ਡਿਟਰੋਇਟ, ਮਿਸ਼ੀਗਨ (11 ਅਗਸਤ, 2022): ਬੀਤੇ ਦਿਨੀਂ ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵਲੋਂ ਕਰਵਾਏ ਜਾਂਦੇ ਸਲਾਨਾ ਤਿੰਨ ਦਿਨਾਂ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2022 ਸੰਬੰਧੀ ਮੁਕਾਬਲੇ ਅਮਰੀਕਾ ਦੇ ਸੂਬੇ ਮਿਸ਼ੀਗਨ ਦੇ ਸ਼ਹਿਰ ਡਿਟਰੋਇਟ ਵਿਖੇ ਆਯੋਜਿਤ ਕੀਤੇ ਗਏ। ਸਿੱਖ ਗੁਰਦੁਆਰਾ ਆਫ਼ ਰੋਚੈਸਟਰ ਹਿਲਜ਼ ਵਿਖੇ ਹੋਏ ਪ੍ਰੋਗਰਾਮਾਂ ਵਿਚ 6 ਸਾਲ ਤੋਂ ਲੈ ਕੇ 22 ਸਾਲਾਂ ਤੱਕ ਦੇ 51 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।

ਸਿਮਪੋਜ਼ੀਅਮ ਅਤੇ ਸੰਸਥਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਨੇ ਦੱਸਿਆ ਕਿ ਸਿਆਨਾ ਸੰਸਥਾ ਵਲੋਂ ਸੰਨ 2000 ਤੋਂ ਹਰ ਸਾਲ ਮਾਰਚ-ਅਪਰੈਲ ਦੇ ਮਹੀਨੇ ਵਿਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ, ਫਿਰ ਰਾਜ ਪੱਧਰੀ ਤੇ ਅੰਤ ਵਿਚ ਅਗਸਤ ਦੇ ਮਹੀਨੇ ਵਿਚ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਭਾਗ ਲੈਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਹਿੱਸਿਆਂ ਵਿਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਫਾਈਨਲ ਮੁਕਾਬਲਿਆਂ ਵਿਚ ਜਾਂਦੇ ਹਨ।

ਭਾਗ ਲੈਣ ਵਾਲੇ ਬੱਚਿਆ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਤਿੰਨ ਸਵਾਲਾਂ ਦੇ ਜਵਾਬ 6 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ "ਮੇਰੇ ਗੁਰੂ ਦੀਆਂ ਅਸੀਸਾਂ", ਦੂਜੇ ਨੂੰ "ਸਿੱਖ ਸਾਖੀਆਂ", ਤੀਜੇ ਨੂੰ "ਸਿੱਖ ਗੁਰੂਆਂ ਦਾ ਇਤਿਹਾਸ" ਅਤੇ ਚੌਥੇ ਨੂੰ "ਦ ਵੈਲੀਐਂਟ ਜਸਵੰਤ ਸਿੰਘ ਖਾਲੜਾ" ਕਿਤਾਬ ਦਿੱਤੀ ਗਈ ਜਿਸ ਵਿੱਚੋਂ ਉਹਨਾਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ ਵਿੱਚ ਭਾਸ਼ਨ ਦਿੱਤੇ।

ਪਹਿਲੇ ਦਿਨ ਚਾਰ ਗਰੁੱਪਾਂ ਦੇ ਫਾਈਨਲ ਵਿਚ ਪਹੁੰਚੇ ਬੱਚਿਆਂ ਦੇ ਭਾਸ਼ਨ ਹੋਏ। ਦੂਜੇ ਦਿਨ ਪੰਜਵੇਂ ਗਰੁੱਪ ਵਿਚ ਭਾਗ ਲੈਣ ਵਾਲੇ 16 ਤੋਂ 22 ਸਾਲਾਂ ਦੇ ਨੌਜਵਾਨਾਂ ਨੇ "ਸਰਬੱਤ ਦਾ ਭਲਾ" ਸੰਬੰਧੀ ਡਿਬੇਟ ਵਿਚ ਭਾਗ ਲਿਆ ਅਤੇ ਲਗਭਗ 2 ਘੰਟਿਆਂ ਲਈ ਪ੍ਰਸ਼ਨਾਂ ਅਤੇ ਜੁਆਬਾਂ ਨਾਲ ਸੰਬੰਧਤ ਮੁੱਦਿਆਂ ਤੇ ਵਿਚਾਰ ਵਟਾਂਦਰੇ ਕੀਤੇ। ਡਿਬੇਟ ਦੇ ਸੰਚਾਲਕ ਬੱਫਲੋ ਤੋਂ ਡਾ. ਸ਼ਤਪਾਲ ਸਿੰਘ ਸਨ, ਜਿਨ੍ਹਾਂ ਨੇ ਵਿਚਾਰ ਵਟਾਂਦਰੇ ਨੂੰ ਬਹੁਤ ਵਧੀਆ ਤਰੀਕੇ ਨਾਲ ਨੇਪਰੇ ਚਾੜਿਆ।

ਇਹਨਾਂ ਸਲਾਨਾ ਫਾਈਨਲ ਮੁਕਾਬਲਿਆਂ ਦਾ ਇਕ ਹੋਰ ਮੁੱਖ ਆਕਰਸ਼ਨ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਸ਼ਾਮ ਦੇ ਖਾਣੇ ਦਾ ਇਕ ਵਿਸ਼ੇਸ਼ ਪ੍ਰੋਗਰਾਮ ਹੈ ਜਿਸ ਵਿਚ ਸਾਰੇ ਬੁਲਾਰਿਆਂ ਦਾ ਸਨਮਾਨ ਕੀਤਾ ਜਾਂਦਾ ਹੈ ਅਤੇ ਉਹਨਾਂ ਬਾਰੇ ਆਏ ਹੋਏ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ।

ਸਿਮਪੋਜ਼ੀਅਮ ਦੇ ਅਖੀਰਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਉਪਰੰਤ ਨਤੀਜਿਆਂ ਦਾ ਐਲਾਨ ਕੀਤਾ ਗਿਆ। ਭਾਸ਼ਨ ਪ੍ਰਤੀਯੋਗਤਾ ਵਿਚ ਪਹਿਲੇ ਗਰੁੱਪ ਵਿਚ ਡੈਲਸ ਤੋਂ ਜਸਕੀਰਤ ਸਿੰਘ, ਦੂਜੇ ਵਿਚ ਅਟਲਾਂਟਾ ਤੋਂ ਬਿਸਮਾਦ ਕੌਰ, ਤੀਜੇ ਵਿਚ ਸਿਨਸਿਨਾਟੀ ਤੋਂ ਬਨਜੋਤ ਕੌਰ, ਚੌਥੇ ਵਿਚ ਸ਼ਿਕਾਗੋ ਤੋਂ ਮੁਸਕਾਨ ਕੌਰ ਅਤੇ ਪੰਜਵੇਂ ਗਰੁੱਪ ਵਿਚ ਨਿਊਯਾਰਕ ਤੋਂ ਗੁਰਪ੍ਰਤਾਪ ਸਿੰਘ ਪਹਿਲੇ ਸਥਾਨ 'ਤੇ ਰਹੇ। ਭਾਸ਼ਨ ਪ੍ਰਤੀਯੋਗਤਾ ਵਿਚ ਜੇਤੂਆਂ ਤੋਂ ਇਲਾਵਾ ਬਾਕੀ ਦੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਵਿਸ਼ੇਸ਼ ਪੁਰਸਕਾਰ "ਡਿਸਟਿਗਯੂਟਿਸ਼ਡ ਸਪੀਕਰ ਅਵਾਰਡ" ਦਿੱਤਾ ਗਿਆ।

ਸਿਆਨਾ ਸੰਸਥਾ ਦੇ ਕਨਵੀਨਰ ਸ. ਕੁਲਦੀਪ ਸਿੰਘ ਦਾ ਕਹਿਣਾ ਸੀ ਕਿ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲਗਦਾ ਹੈ। ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਬੱਚਿਆਂ ਨੇ ਇਸ ਸਮਾਗਮ ਵਿਚ ਭਾਗ ਲੈਂਦੇ ਹੋਏ ਆਪਣੇ ਵਲੋਂ ਵਧੀਆ ਤੋਂ ਵਧੀਆ ਭਾਸ਼ਣ ਤਿਆਰ ਕੀਤੇ ਅਤੇ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਕਿਸੇ ਪ੍ਰਤੀਯੋਗਤਾ ਵਿਚ ਭਾਗ ਲੈ ਰਹੇ ਹਨ। ਹਰ ਉਮਰ ਦੇ ਸੇਵਾਦਾਰਾਂ ਦੁਆਰਾ ਤਨ, ਮਨ ਤੇ ਧਨ ਨਾਲ ਲੰਗਰ ਤੇ ਹੋਰ ਸੇਵਾਵਾਂ ਕੀਤੀਆਂ ਗਈਆਂ। ਉਹਨਾਂ ਸਮਾਗਮ ਨੂੰ ਸਫਲਤਾਪੂਰਵਕ ਆਯੋਜਤ ਕਰਣ ਲਈ ਸਾਰੇ ਵਲੰਟੀਅਰਾਂ, ਬੱਚਿਆਂ, ਸੰਗਤ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।












FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017